ਕ੍ਰਿਸ਼ਨ ਭਨੋਟ

# ਉਮਰ ਦੇ ਵਰਕੇ

$ 10



# ਉਮਰ ਦੇ ਵਰਕੇ

(ਗ਼ਜ਼ਲ ਸੰਗ੍ਰਹਿ)

*ਇਸੇ ਕਲਮ ਤੋਂ :*

| | | |
|---|---|---|
| ਮਹਿਕ ਦੇ ਹਸਤਾਖ਼ਰ | (ਗ਼ਜ਼ਲ ਸੰਗ੍ਰਹਿ) | 1988 |
| ਜਲ-ਤਰੰਗ | (ਗ਼ਜ਼ਲ ਸੰਗ੍ਰਹਿ) | 1996 |
| ਤਲਖ਼ ਪਲ | (ਗ਼ਜ਼ਲ ਸੰਗ੍ਰਹਿ) | 1997 |
| ਚੁੱਪ ਦਾ ਸੰਗੀਤ | (ਗ਼ਜ਼ਲ ਸੰਗ੍ਰਹਿ) | 2000 |
| ਵਿਅੰਗ ਲੀਲਾ | (ਇਕੋ ਵਿਅੰਗ ਗ਼ਜ਼ਲ) | 2000 |
| ਸੋਨੇ ਦੀ ਸਲੀਬ ਤੋਂ | (ਗ਼ਜ਼ਲ ਸੰਗ੍ਰਹਿ) | 2003 |

# ਉਮਰ ਦੇ ਵਰਕੇ

(ਗ਼ਜ਼ਲ ਸੰਗ੍ਰਹਿ)

ਕ੍ਰਿਸ਼ਨ ਭਨੋਟ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

# *Ummar De Varke*

*Ghazals by:*
**Krishan Bhanot ©**
12245-90AVE,
Surrey.B.C.
V3V1B6
Ph. 604-314-7279
Email- krishan_bhanot@yahoo.com

**ISBN : 978-81-7883-929-5**

**Rs. 175 /-$ 10**

**2013**

*Printing and Bound In India*

*Published by:*
**Chetna Parkashan**
PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 95011-45039
Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

ਲਿਖੇ ਨੇ ਖ਼ਤ ਇਹ ਸ਼ਿਅਰਾਂ ਵਿਚ ਮੈਂ ਅਪਣੇ ਸਜਣ ਦੇ ਨਾਂ
ਕਰਾਂ ਅਰਪਣ ਇਹ ਪੁਸਤਕ ਆਪਣੀ 'ਆਸ਼ਾ ਕਿਰਨ' ਦੇ ਨਾਂ

## ਧੰਨਵਾਦੀ ਸ਼ਬਦ

ਮੈਂ ਰਿਣੀ ਹਾਂ,

ਆਪਣੀ ਹਮਸਫ਼ਰ ਆਸ਼ਾ ਕਿਰਨ ਦਾ, ਜੋ ਮੇਰੀ ਜ਼ਿੰਦਗੀ ਦੇ ਤਪਦੇ ਮਾਰੂਥਲ ਵਿਚ ਨਦੀ ਬਣ ਕੇ ਵਹਿ ਤੁਰੀ ਤੇ ਮੇਰੀ ਸਿਰਜਣ-ਪ੍ਰਕਿਰਿਆ ਨੂੰ ਨਵਾਂ ਜੀਵਨ-ਦਾਨ ਮਿਲਿਆ।

ਸਾਡੀ ਧੀ ਕੰਵਲਪ੍ਰੀਤ ਦਾ ਜਿਸਨੇ ਸਾਡੀਆਂ ਪਰਿਵਾਰਕ ਜ਼ਿੰਮੇਵਾਰੀਆਂ ਦਾ ਬੋਝ ਵੰਡਾ ਕੇ ਸਾਡੇ ਮੋਢਿਆਂ ਦਾ ਭਾਰ ਹੌਲ਼ਾ ਕੀਤਾ ਤਾਂ ਕਿ ਆਪਣੀਆਂ ਸਾਹਿਤਕ ਜ਼ਿੰਮੇਵਾਰੀਆਂ ਨਿਭਾ ਸਕਾਂ।

ਆਪਣੇ ਅਜੀਜ਼ ਦੋਸਤ ਹਰਮਨ ਪਿਆਰੇ ਸ਼ਾਇਰ, ਸ੍ਰੀ ਇੰਦਰਜੀਤ ਸਿੰਘ ਧਾਮੀ ਦਾ ਜੋ ਮੇਰੇ ਵਰਗੇ ਨਪੈਰੇ ਦੇ ਪੈਰ ਬਣਿਆ, ਜਿਸਦੇ ਸਹਿਯੋਗ ਤੋਂ ਬਿਨਾਂ ਸ਼ਾਇਦ ਮੈਂ ਆਪਣਾ ਸਾਹਿਤਕ ਸਫ਼ਰ ਜਾਰੀ ਨਾ ਰੱਖ ਸਕਦਾ।

ਪੰਜਾਬੀ ਲੇਖਕ ਮੰਚ ਵੈਨਕੂਵਰ, ਕੇਂਦਰੀ ਲੇਖਕ ਸਭਾ ਉੱਤਰੀ ਅਮਰੀਕਾ, ਪੰਜਾਬੀ ਅਦਬੀ ਸੰਗਤ ਦੇ ਸਮੂਹ ਮੈਂਬਰਾਂ ਦਾ, ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਮੇਰੀਆਂ ਰਚਨਾਵਾਂ ਸੁਣ ਕੇ ਮੈਨੂੰ ਉਤਸ਼ਾਹ ਦਿੱਤਾ।

## ਸਵੈ ਕਥਨ

# 'ਰਹੀਏ ਕ੍ਰਿਸ਼ਨ ਮੁਹਾਜ਼ 'ਤੇ'

*ਅਨੇਕਾਂ ਖ਼ਿਆਲ, ਸੌ ਸੋਚਾਂ, ਵਿਚਾਰਾਂ, ਦਿਲ 'ਚ ਹੁੰਦੀਆਂ ਨੇ।*
*ਸ਼ੁਰੂ ਕਿੱਥੋਂ ਕਰਾਂ, ਗੱਲਾਂ ਹਜ਼ਾਰਾਂ ਦਿਲ 'ਚ ਹੁੰਦੀਆਂ ਨੇ।*

ਦੁਚਿੱਤੀ 'ਚ ਹਾਂ, ਗੱਲ ਸ਼ੁਰੂ ਕਿੱਥੋਂ ਕਰਾਂ। ਵੈਸੇ ਜਿੰਨੀ ਮਰਜ਼ੀ ਗੱਲ ਕਰ ਲਈ ਜਾਵੇ ਤਾਂ ਵੀ ਲੱਗਦੈ ਜਿਵੇਂ ਕੁਝ ਕਹਿਣ ਵਾਲਾ ਰਹਿ ਗਿਆ ਹੋਵੇ। ਮਨ ਦੀਆਂ ਤਹਿਆਂ 'ਚ ਬਹੁਤ ਕੁਝ ਅਜੇਹਾ ਵੀ ਹੈ ਕਿ:

*ਥੁੜ ਜਾਂਦੇ ਨੇ ਸ਼ਬਦ ਵੀ, ਨਾ ਕਰਦੇ ਇਜ਼ਹਾਰ।*
*ਰਹਿ ਜਾਂਦੈ ਕੁਝ ਅਣਕਿਹਾ, ਕਰੀਏ ਯਤਨ ਹਜ਼ਾਰ।*

ਇਸ ਅਣਕਹੇ ਨੂੰ ਕਹਿਣ ਦਾ ਯਤਨ ਹੀ ਸਿਰਜਣਾ ਪ੍ਰਕਿਰਿਆ ਦੀ ਬੁਨਿਆਦ ਹੈ, ਜੋ ਲੇਖਕ ਨੂੰ ਵਾਰ-ਵਾਰ ਕੁਝ ਲਿਖਣ ਲਈ ਪ੍ਰੇਰਦੀ ਹੈ। ਜੇ ਇਕੋ ਵਾਰ ਸਾਰਾ ਕੁਝ ਕਿਹਾ ਜਾਵੇ, ਤੇ ਕਹਿਣ ਲਈ ਬਾਕੀ ਕੁਝ ਨਾ ਬਚੇ ਤਾਂ ਸਿਰਜਣਾ ਦਾ ਭਰ ਵਹਿੰਦਾ ਦਰਿਆ ਮਾਰੂਥਲ ਹੋ ਜਾਵੇ।

ਇਕ ਦਹਾਕੇ ਤੋਂ ਵੀ ਲੰਮੇ ਅਰਸੇ ਮਗਰੋਂ ਆਪਣੀ ਪੁਸਤਕ 'ਉਮਰ ਦੇ ਵਰਕੇ' ਲੈ ਕੇ ਹਾਜ਼ਰ ਹਾਂ। ਇਨ੍ਹਾਂ ਸਮਿਆਂ ਦੌਰਾਨ ਜ਼ਿੰਦਗੀ ਮੇਰੇ ਲਈ ਕੁਰੂਕਸ਼ੇਤਰ ਹੋ ਕੇ ਰਹਿ ਗਈ, ਤੇ ਮੇਰੇ ਵਾਸਤੇ ਜ਼ਿੰਦਗੀ ਦੇ ਅਨੇਕਾਂ ਮੁਹਾਜ਼ ਖੁਲ੍ਹ ਗਏ, ਜਿਨ੍ਹਾਂ 'ਤੇ ਲੜਨਾ ਜ਼ਰੂਰੀ ਹੋ ਗਿਆ, ਜਿਸ ਕਰਕੇ ਸਾਹਿਤਕ ਮੁਹਾਜ਼, ਤੇ ਲੋੜੀਂਦਾ ਵਕਤ ਨਹੀਂ ਦੇ ਸਕਿਆ।

ਜ਼ਿੰਦਗੀ ਦਾ ਕੁਰੂਕਸ਼ੇਤਰ ਸਿਰਫ਼ ਬਾਹਰੀ ਧਰਾਤਲ 'ਤੇ ਹੀ ਨਹੀਂ ਮਨ ਦੇ ਧਰਾਤਲ 'ਤੇ ਵੀ ਲੜਿਆ ਜਾਂਦਾ ਹੈ। ਜ਼ਿੰਦਗੀ ਦੇ ਕੁਰੂਕਸ਼ੇਤਰ ਵਿਚ ਕੋਈ ਕ੍ਰਿਸ਼ਨ ਕਿਸੇ ਅਰਜਨ ਦਾ ਸਾਰਥੀ ਬਣ ਕੇ ਨਹੀਂ ਬਹੁੜਦਾ। ਇਨ੍ਹਾਂ ਸਮਿਆਂ ਵਿਚ ਮੁਹਾਜ਼ ਦੇ ਦੋਹੀਂ ਪਾਸੀਂ ਮਨੁੱਖ ਖ਼ੁਦ ਹੀ ਹੁੰਦਾ ਹੈ, ਕਦੀ ਕ੍ਰਿਸ਼ਨ, ਕਦੀ ਅਰਜਨ, ਕਦੀ ਦੁਰਯੋਧਨ:

*ਕਿਸ ਧਿਰ ਦੇ ਵੱਲ ਨਿੱਤਰੇ, ਕਿਸ ਦੇ ਕ੍ਰਿਸ਼ਨ ਖਿਲਾਫ਼,*
*ਅਰਜਨ ਵੀ ਮੈਂ ਆਪ ਹਾਂ, ਦੁਰਯੋਧਨ ਵੀ ਆਪ।*

ਦੁਸ਼ਿਅੰਤ ਕੁਮਾਰ ਦਾ ਇਹ ਸ਼ਿਅਰ:

*ਹੋ ਗਈ ਹੈ ਪੀਰ ਪਰਬਤ ਸੀ ਪਿਘਲਨੀ ਚਾਹੀਏ।*
*ਇਸ ਹਿਮਾਲਾ ਸੇ ਕੁਈ ਗੰਗਾ ਨਿਕਲਨੀ ਚਾਹੀਏ।*

ਮੇਰੀ ਸਿਰਜਣ ਪ੍ਰਕਿਰਿਆ ਦੀ ਤਰਜ਼ਮਾਨੀ ਕਰਦਾ ਹੈ। ਉਨ੍ਹਾਂ ਪਲਾਂ ਵਿਚ ਜਦੋਂ ਪੀੜ ਦੀ ਇੰਤਹਾ ਕਾਰਨ ਮੇਰੇ ਅੱਥਰੂ ਵਗਣੋਂ ਇਨਕਾਰੀ ਹੋ ਜਾਂਦੇ, ਇਹ ਪੀੜ ਮੇਰੀ ਕਲਮ ਰਾਹੀਂ ਵਹਿ ਤੁਰਦੀ,

*ਇਹ ਮੇਰੇ ਨਾਲ ਜੱਗੋਂ ਤੇਰਵੀਂ ਕਿਉਂ ਕਰ ਗਿਆ ਪਾਣੀ।*
*ਸਤਾਇਆ ਪੀੜ ਨੇ ਦਿਲ ਅੱਖੀਆਂ ਦਾ ਮਰ ਗਿਆ ਪਾਣੀ।*

ਇਨ੍ਹਾਂ ਪਲਾਂ ਵਿਚ ਮੇਰੀ ਕਲਮ ਨੇ ਹੀ ਮੇਰੀ ਮਨ ਦੀ ਦੁਬਿਧਾ ਨੂੰ ਸ਼ਬਦ ਦਿੱਤੇ,

*ਕਿਸੇ ਦਾ ਰੁਖ਼ ਕਿਸੇ ਪਾਸੇ, ਕਿਸੇ ਦਾ ਰੁਖ਼ ਕਿਸੇ ਪਾਸੇ,*
*ਸਦਾ ਟਕਰਾਉਂਦੀਆਂ ਆਪਸ 'ਚ ਧਾਰਾ, ਦਿਲ 'ਚ ਹੁੰਦੀਆਂ ਨੇ।*

ਜ਼ਿੰਦਗੀ ਦੀ ਜੱਦੋ-ਜਹਿਦ ਨਾਲ ਮੇਰੀ ਰਚਨਾ ਪ੍ਰਕਿਰਿਆ ਦਾ ਕਰੀਬੀ ਰਿਸ਼ਤਾ ਰਿਹਾ ਹੈ। ਹਾਲਾਤ ਦੀਆਂ ਬੇ-ਰਹਿਮ ਠੋਕਰਾਂ ਨਾਲ ਮੈਂ ਜਦ-ਜਦ ਵੀ ਅੰਦਰੋਂ ਟੁੱਟਿਆ ਹਾਂ, ਮੇਰੀ ਸਿਰਜਣ ਪ੍ਰਕਿਰਿਆ ਮੇਰੇ ਲਈ ਮੇਰਾ ਮਸੀਹਾ ਬਣਦੀ ਰਹੀ ਹੈ, ਤੇ ਮੈਂ ਹਾਰ ਮੰਨਣ ਤੋਂ ਇਨਕਾਰੀ ਹੋ ਉੱਠਦਾ ਹਾਂ,

*ਮੈਂ ਨਹੀਂ ਜੋ ਹੋ ਗਿਆ, ਸੜ ਕੇ ਸੁਆਹ ਘਾਹ ਫੂਸ ਵਾਂਗ।*
*ਮੈਂ ਤਾਂ ਜੀਅ ਉੱਠਣਾ ਹੈ ਅਪਣੀ ਰਾਖ਼ 'ਚੋਂ ਕੁਕਨੂਸ ਵਾਂਗ।*

ਮਨੁੱਖ ਦੀ ਸਖ਼ਸ਼ੀਅਤ ਉਸਾਰਨ ਵਿਚ ਹਾਲਾਤ ਦੀ ਬੜੀ ਅਹਿਮੀਅਤ ਹੁੰਦੀ ਹੈ। ਹਾਲਾਤ ਨੇ ਹੀ ਬੁੱਧ, ਸੁਕਰਾਤ ਤੇ ਨਾਨਕ ਵਰਗੇ ਯੁਗ-ਪੁਰਸ਼ਾਂ ਨੂੰ ਜਨਮ

ਦਿੱਤਾ ਹੈ। ਕਦੇ-ਕਦੇ ਹਾਲਾਤ ਮੇਰੇ ਵਰਗੇ ਸਧਾਰਨ ਪੁਰਸ਼ ਦੇ ਵੀ ਹੱਥਾਂ 'ਚ ਕਲਮ ਫੜਾ ਦਿੰਦੇ ਹਨ, ਨਹੀਂ ਤਾਂ,

*ਨ ਚਿੰਤਕ ਨ ਮੈਂ ਬੁੱਧੀਮਾਨ, ਤਿੰਨਾਂ 'ਚੋਂ ਨ ਤੇਰਾ 'ਚੋਂ,*
*ਨ ਸ਼ਾਇਰ ਕ੍ਰਿਸ਼ਨ ਮੈਂ, ਹੱਥੀਂ ਕਲਮ ਹਾਲਾਤ ਦਿੰਦੇ ਨੇ।*

ਗ਼ਜ਼ਲ ਦੇ ਸ਼ਾਇਰ ਨੂੰ ਗ਼ਜ਼ਲ ਦੇ ਰੂਪ-ਵਿਧਾਨ 'ਤੇ ਇਲਮ ਅਰੂਜ਼ ਦੀ ਜਾਣਕਾਰੀ ਹੋਣੀ ਬੇਹੱਦ ਜ਼ਰੂਰੀ ਹੈ।

ਮੈਂ ਇਸ ਗੱਲੋਂ ਇਨਕਾਰੀ ਨਹੀਂ ਕਿ ਮੈਨੂੰ ਗ਼ਜ਼ਲ ਦੇ ਰੂਪ ਵਿਧਾਨ ਦੀ ਮਾੜੀ ਮੋਟੀ ਜਾਣਕਾਰੀ ਹੈ, ਕਈ ਵਾਰੀ ਤਾਂ ਇਉਂ ਲੱਗਦਾ ਹੈ ਕਿ-

*ਕੁਝ ਇਕ ਇਲਮ-ਅਰੂਜ਼ ਦੇ ਵੱਟੇ ਅਪਣੇ ਕੋਲ।*
*ਸ਼ਿਅਰ ਨਹੀਂ ਤਾਂ ਨਾ ਸਹੀ, ਵੱਟੇ ਦਈਏ ਤੋਲ।*

ਕੀ ਮੈਂ ਕੇਵਲ ਵੱਟੇ ਹੀ ਤਾਂ ਨਹੀਂ ਤੋਲੀ ਜਾ ਰਿਹਾ ? ਗ਼ਜ਼ਲ ਦਾ ਸ਼ਿਅਰ ਕਹਿਣ ਲਈ ਸਿਰਫ਼ ਵਜ਼ਨ ਬਹਿਰ ਦੀ ਜਾਣਕਾਰੀ ਹੀ ਕਾਫੀ ਨਹੀਂ ਹੁੰਦੀ।

*ਖ਼ਿਆਲ, ਤਖ਼ਈਅਲ, ਵੇਦਨਾ, ਕੁਛ ਚਿੰਤਨ, ਕੁਛ ਖ਼ਾਬ।*
*ਦਿਲ ਦਾ ਖ਼ੂਨ ਕਸ਼ੀਦ ਕੇ ਹੁੰਦੇ ਸ਼ਿਅਰ ਜਨਾਬ।*

ਗ਼ਜ਼ਲ ਦੇ ਸ਼ਿਅਰ ਲਈ, ਜ਼ੁਬਾਨਦਾਨੀ, ਅੰਦਾਜ਼ ਏ-ਬਿਆਨ, ਤਕਾਬੁਲ, ਤਕਰਾਰ, ਤਜ਼ਾਕ, ਸਿਲਾਸਿਤ, ਮੁਬਾਲਗਾ, ਟੁਕੜੀਆਂ ਦੀ ਵਰਤੋਂ, ਮੰਜ਼ਰ-ਕਸ਼ੀ ਆਦਿ ਗੁਣ ਹੋਣੇ ਜ਼ਰੂਰੀ ਹਨ। ਸ਼ਿਅਰ ਤਗ਼ਜ਼ਲ ਭਰਪੂਰ ਹੋਣ, ਤਾਂ ਹੋਰ ਵੀ ਅਸਰ ਪੈਦਾ ਕਰਦੇ ਹਨ। 'ਸਹਿਲ ਏ ਮੁਮਤਨਾ' ਭਾਵ ਜਿਹੜਾ ਸ਼ਿਅਰ ਸੁਣਦਿਆਂ ਹੀ ਜ਼ੁਬਾਨ 'ਤੇ ਚੜ੍ਹ ਜਾਵੇ, ਵਰਗੀ ਖ਼ੂਬੀ ਹੋਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੈ, ਤਦੇ ਤਾਂ,

*ਕਵਿਤਾ ਨੂੰ ਵਿਦਵਾਨ ਕੁਝ, ਦਿਲ ਦੀ ਕਹਿਣ ਜ਼ੁਬਾਨ।*
*ਦਿਲ 'ਚੋਂ ਉੱਠਣ ਬੋਲ ਜੋ, ਦਿਲ ਵਿਚ ਉੱਤਰ ਜਾਣ।*

ਗ਼ਜ਼ਲ ਵਿਚ ਇਹ ਗੁਣ ਸਿਰਫ਼ ਕਹਿਣ ਨਾਲ ਹੀ ਨਹੀਂ ਆਉਂਦੇ, ਇਸ ਦੇ ਵਾਸਤੇ ਕਿਸੇ ਸ਼ਾਇਰ ਦੀ ਉਮਰ ਭਰ ਦੀ ਮਿਹਨਤ ਦਰਕਾਰ ਹੁੰਦੀ ਹੈ-

*ਆਉਂਦਾ, ਆਉਂਦਾ ਹੁਨਰ ਇਹ ਆਉਂਦਾ ਉਮਰਾਂ ਗਾਲ।*
*ਕੁਛ ਸ਼ਬਦਾਂ ਵਿਚ ਕ੍ਰਿਸ਼ਨ ਕਦ ਬੰਨ੍ਹੇ ਜਾਣ ਖ਼ਿਆਲ।*

ਇਹ ਸਾਰੇ ਗੁਣ ਤਾਂ ਕਿਸੇ ਉੱਚ ਕੋਟੀ ਦੇ ਸ਼ਾਇਰ ਵਿਚ ਹੋ ਸਕਦੇ ਹਨ, ਮੈਂ ਤਾਂ ਅਜੇ ਸ਼ਿਅਰ ਕਹਿਣ ਦੀ ਜਾਚ ਸਿਖ ਰਿਹਾ ਹਾਂ,

*ਮਸੀਂ ਹੋਏ ਅਜੇ ਤਾਂ ਕ੍ਰਿਸ਼ਨ ਤੁਕਬੰਦੀ ਦੇ ਹੀ ਕਾਬਿਲ,*
*ਨਹੀਂ ਆਈ ਗ਼ਜ਼ਲਗੋਈ, ਅਸੀਂ ਕਾਲੇ ਕਰਕੇ ਵਰਕੇ।*

ਆਪਣੇ ਹੱਥ ਵਸ ਹੋਰ ਕੁਝ ਨਹੀਂ, ਮੈਂ ਤਾਂ ਸਿਰਫ਼ ਸ਼ਬਦਾਂ ਦਾ ਹੀ ਵਣਜਾਰਾ ਹਾਂ,

*ਨ ਅਪਣੇ ਕੋਲ ਕੁਝ ਲੈ ਦੇ ਕੇ, ਇਕ ਹਥਿਆਰ ਸ਼ਬਦਾਂ ਦਾ।*
*ਮੁਹੱਬਤ ਵੰਡੀਏ ਅਪਣਾ ਤਾਂ ਕਾਰੋਬਾਰ ਸ਼ਬਦਾਂ ਦਾ।*

ਵਾਰਤਕ ਵੱਲੋਂ ਹੱਥ-ਤੰਗ ਹੋਣ ਕਰਕੇ ਮੈਨੂੰ ਆਪਣੀ ਗੱਲ ਤੋਰਨ ਲਈ ਆਪਣੇ ਦੋਹਿਆਂ ਦਾ ਸਹਾਰਾ ਲੈਣਾ ਪਿਆ ਹੈ, ਇਸ ਗੁਸਤਾਖ਼ੀ ਦੀ ਮੁਆਫ਼ੀ ਚਾਹੁੰਦਾ ਹੋਇਆ ਮੈਂ ਹੁਣ ਪਾਠਕਾਂ ਤੋਂ ਇਜਾਜ਼ਤ ਚਾਹੁੰਦਾ ਹਾਂ, ਕਿਉਂਕਿ ਜ਼ਿੰਦਗੀ ਦਾ ਇਕ ਅਹਿਮ ਮੁਹਾਜ ਮੈਨੂੰ ਉਡੀਕ ਰਿਹਾ ਹੈ:-

*ਰਹੀਏ ਕ੍ਰਿਸ਼ਨ ਮੁਹਾਜ 'ਤੇ, ਲੜੀਏ ਲੋੜਾਂ ਸੰਗ।*
*ਸਾਥੋਂ ਜਿੱਤੀ ਨਾ ਗਈ, ਰੋਟੀ ਦੀ ਹੀ ਜੰਗ।*

12 ਅਗਸਤ 2012

-ਤੁਹਾਡਾ ਆਪਣਾ
**ਕ੍ਰਿਸ਼ਨ ਭਨੋਟ**
ਫ਼ੋਨ: 604-314-7279

□

ਅਨੇਕਾਂ ਖ਼ਿਆਲ, ਸੌ ਸੋਚਾਂ ਵਿਚਾਰਾਂ, ਦਿਲ 'ਚ ਹੁੰਦੀਆਂ ਨੇ।
ਸ਼ੁਰੂ ਕਿੱਥੋਂ ਕਰਾਂ, ਗੱਲਾਂ ਹਜ਼ਾਰਾਂ ਦਿਲ 'ਚ ਹੁੰਦੀਆਂ ਨੇ।

ਕਿਸੇ ਕਮਜ਼ੋਰ ਤਹਿ 'ਚੋਂ, ਫੁੱਟ ਨਿਕਲਣ, ਅੱਥਰੂ ਜ਼ੋਰੀਂ,
ਕਿਵੇਂ ਡੱਕਾਂ ਭਲਾ, ਸੌ ਆਬਸ਼ਾਰਾਂ ਦਿਲ 'ਚ ਹੁੰਦੀਆਂ ਨੇ।

ਇਹ ਗ਼ਜ਼ਲਾਂ ਮੈਂ ਨਹੀਂ ਲਿਖਦਾ, ਲਿਖਾਉਂਦੇ ਕੌਣ ? ਕੀ ਜਾਣਾ,
ਮਿਰੇ ਸ਼ਬਦਾਂ ਦੀਆਂ ਅਣਗਿਣਤ ਡਾਰਾਂ ਦਿਲ 'ਚ ਹੁੰਦੀਆਂ ਨੇ।

ਕਿਸੇ ਦਾ ਰੁਖ਼ ਕਿਸੇ ਪਾਸੇ, ਕਿਸੇ ਦਾ ਰੁਖ਼ ਕਿਸੇ ਪਾਸੇ,
ਸਦਾ ਟਕਰਾਉਂਦੀਆਂ ਆਪਸ 'ਚ ਧਾਰਾਂ, ਦਿਲ 'ਚ ਹੁੰਦੀਆਂ ਨੇ।

ਤੁਹਾਡੇ ਵਾਸਤੇ ਜੀਵਨ ਦੇ ਅਨੁਭਵ ਸਾਂਭ ਕੇ ਰੱਖੇ,
ਅਨੇਕਾਂ ਪਤਝੜਾਂ, ਸੈਆਂ ਬਹਾਰਾਂ, ਦਿਲ 'ਚ ਹੁੰਦੀਆਂ ਨੇ।

ਉਨ੍ਹਾਂ ਵਿਚ ਝਾਤ ਮਾਰਨ ਤੋਂ ਵੀ ਡਰਦੈ ਆਦਮੀ ਖ਼ੁਦ ਹੀ,
ਕਈ ਇਕ ਨ੍ਹੇਰੀਆਂ ਤੇ ਗੁਪਤ ਗ਼ਾਰਾਂ ਦਿਲ 'ਚ ਹੁੰਦੀਆਂ ਨੇ।

ਘਰਾਂ ਵਿਚ ਹੋਣ ਕੰਧਾਂ ਮੁੱਦਤਾਂ ਮਗਰੋਂ ਕਿਤੇ ਜਾ ਕੇ,
ਪਰੰਤੂ ਮੁੱਦਤਾਂ ਪਹਿਲਾਂ ਦਿਵਾਰਾਂ ਦਿਲ 'ਚ ਹੁੰਦੀਆਂ ਨੇ।

ਲੁਕਾਈ ਰੱਖਦੈ ਦਿਲ ਵਿਚ, ਕਿਸੇ ਨੂੰ ਕਹਿ ਨਹੀਂ ਸਕਦਾ,
ਹਰਿਕ ਬੰਦੇ ਦੇ ਕੁਝ ਚੀਖਾਂ ਪੁਕਾਰਾਂ ਦਿਲ 'ਚ ਹੁੰਦੀਆਂ ਨੇ।

ਤਿਰੇ ਦਿਲ ਨਾਲ ਵਜਦੀ ਹੈ ਕੁਈ ਇਕ ਤਾਰ ਤਾਂ ਦਿਲ ਦੀ,
ਮੈਂ ਸੁਣਿਐਂ ਕ੍ਰਿਸ਼ਨ ਕੁਝ ਅਣਦਿੱਸ ਤਾਰਾਂ ਦਿਲ 'ਚ ਹੁੰਦੀਆਂ ਨੇ।

♦

□

ਤੁਸੀਂ ਆਵੇ 'ਚ ਪਾ ਕੇ ਪੁਖ਼ਤਗੀ ਦੀ ਜੂਨ ਪਾ ਦੇਵੋ।
ਕਿ ਤੁਕਬੰਦੀ ਮਿਰੀ ਨੂੰ ਸ਼ਾਇਰੀ ਦੀ ਜੂਨ ਪਾ ਦੇਵੋ।

ਮੈਂ ਕੇਵਲ ਬਾਂਸ ਦੀ ਪੋਰੀ, ਤੁਸੀਂ ਸੁਰ ਫੂਕਣੇ ਇਸ ਵਿਚ,
ਨਿਕੰਮੇ ਬਾਂਸ ਨੂੰ ਹੁਣ, ਬਾਂਸੁਰੀ ਦੀ ਜੂਨ ਪਾ ਦੇਵੋ।

ਮੈਂ ਪੱਥਰ ਹਾਂ, ਤੁਸੀਂ ਛਿੱਲੋ, ਤਰਾਸ਼ੋ, ਜਿਸ ਤਰ੍ਹਾਂ ਚਾਹੋਂ,
ਤੇ ਇਕ ਬੇਕਾਰ ਪੱਥਰ, ਮੂਰਤੀ ਦੀ ਜੂਨ ਪਾ ਦੇਵੋ।

ਕਰੋ ਕਾਇਆ ਕਲਪ ਮੇਰੀ, ਤੁਸੀਂ ਪਾਰਸ ਦੀ ਛੂਹ ਬਖ਼ਸ਼ੋ,
ਮਿਰੇ ਮਨ ਦਾ ਹਨੇਰਾ, ਰੌਸ਼ਨੀ ਦੀ ਜੂਨ ਪਾ ਦੇਵੋ।

ਸੰਭਾਲੀ ਰੱਖਦੇ ਦਿਲ ਵਿਚ ਜ਼ਮਾਨੇ ਭਰ ਦੀਆਂ ਪੀੜਾਂ,
ਸਜ਼ਾ ਦੇਣੀ ਕਿਸੇ ਨੂੰ ਤਾਂ, ਕਵੀ ਦੀ ਜੂਨ ਪਾ ਦੇਵੋ।

ਇਸਾਈ, ਸਿੱਖ, ਹਿੰਦੂ, ਪਾਰਸੀ ਮੋਮਨ, ਬਣੀ ਜਾਵੇ,
ਕਦੇ ਤਾਂ ਆਦਮੀ ਨੂੰ ਆਦਮੀ ਦੀ ਜੂਨ ਪਾ ਦੇਵੋ।

ਅਸੀਂ ਜੰਗਲ 'ਚੋਂ ਨਿੱਕਲ ਕੇ, ਗੁਆਈ ਉਣਸ ਹੀ ਅਪਣੀ,
ਓ ਸਿਰਜਣਹਾਰ ਮੁੜ ਕੇ, ਜਾਂਗਲੀ ਦੀ ਜੂਨ ਪਾ ਦੇਵੋ।

ਵਸੇ ਇਨਸਾਨ ਵੀ, ਸ਼ੈਤਾਨ ਵੀ, ਹੈਵਾਨ ਵੀ ਜਿਸ ਵਿਚ,
ਸੁਝੀ ਤੈਨੂੰ ਕੀ ਰੱਬਾ ਆਦਮੀ ਦੀ ਜੂਨ ਪਾ ਦੇਵੋ।

ਖੜ੍ਹੇ ਪਾਣੀ ਦੇ ਵਾਂਗੂ ਕ੍ਰਿਸ਼ਨ ਇਹ ਬੁਸ ਜਾਣਗੇ ਵਰਨਾ,
ਚਲੋ ਅਪਣੇ ਖ਼ਿਆਲਾਂ ਨੂੰ ਨਦੀ ਦੀ ਜੂਨ ਪਾ ਦੇਵੋ।

♦

❐

ਇਹ ਯੁਗ ਵਸਦਾ ਨਗਰ, ਖੰਡਰ ਕਦੇ ਵੀ ਹੋ ਨਹੀਂ ਸਕਦਾ।
ਇਹ ਮਨ ਜ਼ਰਖ਼ੇਜ਼ ਹੈ, ਬੰਜਰ ਕਦੇ ਵੀ ਹੋ ਨਹੀਂ ਸਕਦਾ।

ਮੁਹੱਬਤ ਦੇ ਬਿਨਾਂ ਤਾਂ ਚਾਰਦੀਵਾਰੀ ਦੀ ਵਲਗਣ ਹੈ,
ਮੁਹੱਬਤ ਦੇ ਬਿਨਾਂ ਇਹ ਘਰ, ਕਦੇ ਵੀ ਹੋ ਨਹੀਂ ਸਕਦਾ।

ਮਨੁੱਖੀ ਭਾਵਨਾਵਾਂ, ਅਸਲ ਵਿਚ ਸ਼ਬਦਾਂ ਦੀਆਂ ਮਾਵਾਂ,
ਬਿਨਾਂ ਭਾਵਾਂ ਕੁਈ ਅੱਖਰ ਕਦੇ ਵੀ ਹੋ ਨਹੀਂ ਸਕਦਾ।

ਵਰੋਸਾਇਆ ਹੈ ਗੁਰੂਆਂ, ਬਖ਼ਸ਼ਿਆ ਬਾਣੀ ਦਾ ਅੰਮ੍ਰਿਤ ਵੀ,
ਹਰਿਕ ਥਾਂ ਹੀ ਤਾਂ ਅੰਮ੍ਰਿਤਸਰ, ਕਦੇ ਵੀ ਹੋ ਨਹੀਂ ਸਕਦਾ।

ਸਚਾਈ ਕੌਣ ਕਹਿ ਸਕਦੈ, ਸਚਾਈ ਕੌਣ ਸਹਿ ਸਕਦੈ?
ਸਚਾਈ ਦਾ ਨ ਹੋਵੇ ਡਰ, ਕਦੇ ਵੀ ਹੋ ਨਹੀਂ ਸਕਦੈ?

ਜਦੋਂ ਦਾ ਸਾਥ ਮਿਲਿਆ, ਮੇਰੀਆਂ ਸੋਚਾ ਨੂੰ ਪਰ ਲੱਗੇ,
ਮੈਂ ਤੇਰੇ ਸਾਥ ਤੋਂ ਮੁਨਕਰ, ਕਦੇ ਵੀ ਹੋ ਨਹੀਂ ਸਕਦਾ।

ਜਦੋਂ ਤਕ ਧੜਕਦੇ ਦਿਲ, ਰੰਗਲੇ ਸੁਪਨੇ ਨਹੀਂ ਮਰਦੇ,
ਮੈਂ ਜਿਉਣਾ ਲੋਚਦਾਂ, ਪੱਥਰ ਕਦੇ ਵੀ ਹੋ ਨਹੀਂ ਸਕਦਾ।

ਸਮੁੰਦਰ ਤੋਂ ਵੀ ਡੂੰਘੇ ਨੇ ਇਨ੍ਹਾਂ ਤੋਂ ਪਾਰ ਮੈਂ ਜਾਵਾਂ,
ਤਿਰੇ ਨੈਣਾਂ ਦੇ ਨੀਲ਼ੇ ਸਰ, ਕਦੇ ਵੀ ਹੋ ਨਹੀਂ ਸਕਦਾ।

ਕੁਈ ਯੁਗ-ਪੁਰਸ਼, ਹਰ ਯੁਗ ਵਿਚ, ਸਮੇਂ ਦੇ ਵਰਕਿਆਂ ਉੱਤੇ,
ਕਰੇ ਨਾ ਕ੍ਰਿਸ਼ਨ ਹਸਤਾਖ਼ਰ, ਕਦੇ ਵੀ ਹੋ ਨਹੀਂ ਸਕਦਾ।

♦

❒

ਨ ਮਨ ਦੀ ਪੀੜ ਲਿਖ ਹੋਈ, ਅਸੀਂ ਕਾਲੇ ਕਰੇ ਵਰਕੇ।
ਕਰੇ ਕੀ ਪੀੜ ਦਾ ਕੋਈ, ਅਸੀਂ ਕਾਲੇ ਕਰੇ ਵਰਕੇ।

ਜਦੋਂ ਵੀ ਰੀਝ ਦਮ ਤੋੜੇ ਜਦੋਂ ਵੀ ਟੁੱਟਦੈ ਸੁਪਨਾ,
ਕੁਈ ਹਸਰਤ ਜਦੋਂ ਮੋਈ, ਅਸੀਂ ਕਾਲੇ ਕਰੇ ਵਰਕੇ।

ਨਿਭਾਉਂਦੇ ਦੇਖਿਆ ਕਲੀਆਂ ਨੂੰ ਥੋਹਰਾਂ ਨਾਲ ਜਦ ਰਿਸ਼ਤਾ,
ਤਾਂ ਪੀੜੋ ਪੀੜ ਰੂਹ ਰੋਈ, ਅਸੀਂ ਕਾਲੇ ਕਰੇ ਵਰਕੇ।

ਜਦੋਂ ਡਸਦੀ ਹੈ ਤਨਹਾਈ ਉਦਾਸੀ ਘੇਰਦੀ ਦਿਲ ਨੂੰ,
ਮਿਲੇ ਕਿਧਰੇ ਵੀ ਨਾ ਢੋਈ, ਅਸੀਂ ਕਾਲੇ ਕਰੇ ਵਰਕੇ।

ਕਿਤੇ ਵੀ ਟੁਟਦੀਆਂ ਜਦ ਰਿਸ਼ਤਿਆਂ 'ਚੋਂ ਮੋਹ ਦੀਆਂ ਤੰਦਾਂ,
ਜਦੋਂ ਹੁੰਦੀ ਹੈ ਅਣਹੋਈ, ਅਸੀਂ ਕਾਲੇ ਕਰੇ ਵਰਕੇ।

ਜਦੋਂ ਮਨ ਭਰ ਗਿਆ ਤਾਂ ਫੁੱਟ ਨਿਕਲੀ ਪੀੜ ਦੀ ਗੰਗਾ,
ਉਹ ਸਾਥੋਂ ਸਾਂਭ ਨਾ ਹੋਈ, ਅਸੀਂ ਕਾਲੇ ਕਰੇ ਵਰਕੇ।

ਜਦੋਂ ਵੀ ਧਰਮ ਦੇ ਨਾਂ 'ਤੇ, ਲਹੂ ਡੁਲ੍ਹਦਾ ਮਸੂਮਾਂ ਦਾ,
ਤੇ ਲਾਹੀ ਸ਼ਰਮ ਨੇ ਲੋਈ, ਅਸੀਂ ਕਾਲੇ ਕਰੇ ਵਰਕੇ।

ਜਦੋਂ ਮਾਲੀ ਹੀ ਕਲੀਆਂ ਮਸਲਦੇ ਨੇ ਆਪਣੇ ਹੱਥੀਂ,
ਮਰੀ ਜਦ ਜਦ ਵੀ ਖ਼ੁਸ਼ਬੋਈ, ਅਸੀਂ ਕਾਲੇ ਕਰੇ ਵਰਕੇ।

ਖ਼ੁਨਾਮੀ ਹੋ ਗਈ ਕੋਈ ਤਾਂ ਪਛਤਾਏ ਤੇ ਰੂਹ ਰੋਈ,
ਤੇ ਮਨ ਦੀ ਮੈਲ਼ ਇਉਂ ਧੋਈ, ਅਸੀਂ ਕਾਲੇ ਕਰੇ ਵਰਕੇ।

ਜਦੋਂ ਵੀ ਬੇਬਸੀ, ਦੁਖ, ਦਰਦ, ਬੇਚੈਨੀ, ਬਣੀ ਲਾਵਾ,
ਸੁਣੀ 'ਕਾਨੀ' ਨੇ ਅਰਜ਼ੋਈ, ਅਸੀਂ ਕਾਲੇ ਕਰੇ ਵਰਕੇ।

ਮਸੀਂ ਹੋਏ ਅਜੇ ਤਾਂ ਕ੍ਰਿਸ਼ਨ ਤੁਕਬੰਦੀ ਦੇ ਹੀ ਕਾਬਲ,
ਨਹੀਂ ਆਈ ਗ਼ਜ਼ਲਗੋਈ, ਅਸੀਂ ਕਾਲੇ ਕਰੇ ਵਰਕੇ।

♦

❐

ਇਨ੍ਹਾਂ ਸੋਚਾਂ ਵਿਚਾਰਾਂ ਨੂੰ, ਜਨਮ ਹਾਲਾਤ ਦਿੰਦੇ ਨੇ,
ਕਿਸੇ ਸ਼ਾਇਰ ਦੇ ਹੱਥਾਂ ਵਿਚ, ਕਲਮ ਹਾਲਾਤ ਦਿੰਦੇ ਨੇ

ਜੇ ਅਪਣੇ ਤੁਰਦਿਆਂ ਕਦਮਾਂ ਨੂੰ ਥੰਮ, ਹਾਲਾਤ ਦਿੰਦੇ ਨੇ,
ਬਦਲ ਦੇਵੋ ਤੁਸੀਂ ਹਾਲਾਤ, ਗ਼ਮ ਹਾਲਾਤ ਦਿੰਦੇ ਨੇ।

ਸਮੇਂ ਦੀ ਵਾਗ ਨੂੰ ਫੜ ਲੈਣ ਜਿਹੜੇ, ਆਪਣੇ ਹੱਥੀਂ,
ਉਨ੍ਹਾਂ ਦਾ ਸਾਥ ਹੀ ਤਾਂ, ਹਰ ਕਦਮ ਹਾਲਾਤ ਦਿੰਦੇ ਨੇ।

ਮਿਰਾ ਦਿਲ ਤਾਂ ਬੜਾ ਤੜਪੇ, ਤਿਰੀ ਮਿਲਣੀ ਲਈ ਸੱਜਣਾ,
ਇਜਾਜ਼ਤ ਨਾ ਅਜੇ ਤੇਰੀ ਕਸਮ, ਹਾਲਾਤ ਦਿੰਦੇ ਨੇ।

ਕਦੇ ਧੁੱਪਾਂ, ਕਦੇ ਛਾਵਾਂ, ਕਦੇ ਨ੍ਹੇਰਾ, ਕਦੇ ਚਾਨਣ,
ਇਹ ਜੀਵਨ ਹੈ ਸਦਾ ਖ਼ੁਸ਼ੀਆਂ, ਤੇ ਗ਼ਮ ਹਾਲਾਤ ਦਿੰਦੇ ਨੇ।

ਕਦੇ ਮੈਂ ਮੁਸ਼ਕਲਾਂ ਤੋਂ ਹਾਰ ਜਾਣਾ ਤਾਂ ਨਹੀਂ ਸਿੱਖਿਆ,
ਨਹੀਂ ਮੁਨਕਰ ਕਦੇ ਮੈਨੂੰ ਵੀ ਭਰਮ ਹਾਲਾਤ ਦਿੰਦੇ ਨੇ।

ਸਦਾ ਹਾਲਾਤ ਨੂੰ ਕਾਬੂ 'ਚ ਰੱਖਣਾ ਆਪ ਹੀ ਪੈਂਦੈ,
ਨਹੀਂ ਤਾਂ ਕਦ ਕਿਸੇ ਨੂੰ ਲੈਣ ਦਮ, ਹਾਲਾਤ ਦਿੰਦੇ ਨੇ।

ਸਮੇਂ ਦੀ ਹਿੱਕ ਦੇ ਉੱਤੇ, ਜੁ ਅਪਣੀ ਪੈੜ ਛੱਡ ਜਾਂਦੈ,
ਕਿਸੇ ਯੁਗ-ਪੁਰਸ਼ ਨੂੰ ਆਪੇ ਜਨਮ, ਹਾਲਾਤ ਦਿੰਦੇ ਨੇ।

ਨ ਚਿੰਤਕ, ਨਾ ਮੈਂ ਬੁੱਧੀਮਾਨ, ਤਿੰਨਾਂ 'ਚੋਂ, ਨ ਤੇਰਾਂ 'ਚੋਂ,
ਨਾ ਸ਼ਾਇਰ ਕ੍ਰਿਸ਼ਨ ਮੈਂ, ਹੱਥੀਂ ਕਲਮ ਹਾਲਾਤ ਦਿੰਦੇ ਨੇ।

♦

❑

ਬਥੇਰਾ ਯਤਨ ਕਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।
ਇਹ ਮਨ ਹਉਮੈਂ ਦਾ ਭਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਮੈਂ ਤਨ ਦੇ ਵਾਸਤੇ ਛੱਤੀ ਪਦਾਰਥ, ਕਰ ਲਏ ਕੱਠੇ,
ਤੇ ਮਨ ਲਈ ਇਕ ਨ ਸਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਕਦੇ ਬੂਹਾ ਨ ਮਨ ਦਾ ਖੋਹਲ੍ਹਿਆ ਤਾਂ ਹੀ ਵਿਚਾਰਾਂ ਦਾ,
ਗਿਆ ਦੀਵਾ ਨ ਧਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਕਿਵੇਂ ਬਣਦੇ ਬ੍ਰਹਮ ਗਿਆਨੀ, ਕਿ ਨੱਕੋ ਨੱਕ ਮਨ ਅਪਣਾ,
ਵਿਕਾਰਾਂ ਨਾਲ ਭਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਬੜੇ ਲੰਘੇ ਨੇ, ਪਾਣੀ ਉਮਰ ਦੇ ਥਿੰਦੇ ਘੜੇ ਉੱਤੋਂ,
ਅਸਰ ਕੋਈ ਨ ਕਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਇਹ ਕਿਹੜੇ ਕੰਮ ਆਈਆਂ ਪੋਥੀਆਂ ਪੜ੍ਹੀਆਂ, ਕਪਟ ਮਨ ਵਿਚ,
ਰਿਹਾ ਭਰਿਆ ਦਾ ਭਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਨਸੀਹਤਾਂ ਵੰਡੀਆਂ ਨੇ ਦੂਜਿਆਂ ਨੂੰ, ਆਪਣੀ ਖ਼ਾਤਰ,
ਨ ਇਕ ਵੀ ਸ਼ਬਦ ਸਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਜਪੀ ਸ਼ਬਦਾਂ ਦੀ ਮਾਲਾ, ਅਰਥ ਜਾਣੇ ਬਿਨ ਓ ਬੇਸਮਝਾ,
ਨਹੀਂ ਚਾਨਣ ਪਸਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਨ ਕੁਛ ਵੀ ਜਾਣਦੇ ਹੋਇਆਂ, ਗਿਆਨੀ ਹੋਣ ਦਾ ਐਵੇਂ,
ਭਰਮ ਦਿਲ ਵਿਚ ਉਤਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਰਿਹਾ ਹੰਕਾਰ ਅਪਣੀ ਵਿਦਵਤਾ ਦਾ, ਦੂਸਰੇ ਦਾ ਤਾਂ,
ਗਿਆ ਨਾ ਸ਼ਬਦ ਜਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

ਨਹੀਂ ਅਗਿਆਨਤਾ ਦਾ ਗਿਆਨ ਹੋਇਆ ਕ੍ਰਿਸ਼ਨ ਹੁਣ ਤੀਕਰ,
ਮੈਂ ਖ਼ੁਦ ਇਕਬਾਲ ਕਰਿਆ, ਗਿਆਨ ਤੋਂ ਮਨ ਰਹਿ ਗਿਆ ਕੋਰਾ।

♦

❐

ਨ ਅਪਣੇ ਕੋਲ ਕੁਝ, ਲੈ ਦੇ ਕੇ ਇਕ ਹਥਿਆਰ ਸ਼ਬਦਾਂ ਦਾ।
ਮੁਹੱਬਤ ਵੰਡੀਏ, ਅਪਣਾ ਤਾਂ ਕਾਰੋਬਾਰ ਸ਼ਬਦਾਂ ਦਾ!

ਮਹਾਂਭਾਰਤ ਰਚਾ ਦਿੱਤਾ, ਜ਼ਬਾਨੋਂ ਨਿਕਲਿਆ ਬੋਲਾਂ,
ਨ ਅਗਨੀ ਸ਼ਸਤਰਾਂ ਤੋਂ ਘੱਟ ਮਾਰੂ ਵਾਰ ਸ਼ਬਦਾਂ ਦਾ।

ਭੁਲਾ ਕੇ ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਹੁਣ,
ਓ ਬਾਬਾ ਬਾਬਿਆਂ ਨੇ ਤੋਰਿਆ ਵਿਉਪਾਰ ਸ਼ਬਦਾਂ ਦਾ।

ਕਿਸੇ ਦੇ ਬੋਲ ਸੀਨੇ ਵੱਜਦੇ ਨੇ ਖੰਜਰਾਂ ਵਾਂਗੂ,
ਕਿਸੇ ਦਾ ਜਾਪਦਾ ਫੁੱਲਾਂ ਤੋਂ ਹੌਲਾ ਭਾਰ ਸ਼ਬਦਾਂ ਦਾ।

ਨਜ਼ਰੀਆ ਆਪਣਾ ਤੇ ਆਪਣੀ ਹੈ ਸਿਫ਼ਤ ਹਰ ਇਕ ਦੀ,
ਕਿਹਾ ਮਿਆਰ ਪੈਸੇ ਦਾ, ਕਿਹਾ ਮਿਆਰ ਸ਼ਬਦਾਂ ਦਾ।

ਅਸੀਂ ਤਾਂ ਗੱਲ ਗੱਲ ਉੱਤੇ ਹੀ ਚੁਣ ਹਥਿਆਰ ਚੱਕ ਲੈਂਦੇ,
ਅਸੀਂ ਤਾਂ ਭੁੱਲ ਹੀ ਬੈਠੇ ਹਾਂ, ਸਭਿਆਚਾਰ ਸ਼ਬਦਾਂ ਦਾ।

ਕਈ ਸੁਕਰਾਤ, ਬੁਧ, ਨਾਨਕ, ਹੀ ਜਾਣੇ ਸ਼ਬਦ ਦੀ ਤਾਕਤ,
ਹਰਿਕ ਦੇ ਵਸ ਨ ਹੁੰਦਾ ਸਾਂਭਣਾ ਹਥਿਆਰ ਸ਼ਬਦਾਂ ਦਾ।

ਇਨ੍ਹਾਂ ਸ਼ਬਦਾਂ ਦੇ ਕਾਰਨ ਜਾਨਵਰ ਤੋਂ ਆਦਮੀ ਬਣਿਆ,
ਇਹ ਸਾਡਾ ਕੀਮਤੀ ਵਿਰਸਾ, ਕਰੋ ਸਤਿਕਾਰ ਸ਼ਬਦਾਂ ਦਾ।

ਤੂੰ ਅੱਖਰ ਚਾਰ ਪੜ੍ਹ ਕੇ ਕ੍ਰਿਸ਼ਨ ਅਫ਼ਲਾਤੂਨ ਬਣ ਬੈਠੋਂ,
ਨ ਤੂੰ ਬੋਲੇਂ ਤਿਰੇ ਵਿਚ ਬੋਲਦੇ ਹੰਕਾਰ ਸ਼ਬਦਾਂ ਦਾ।

❒

ਇਹ ਮੇਰੇ ਨਾਲ 'ਜੱਗੋਂ ਤੇਰ੍ਹਵੀਂ' ਕਿਉਂ ਕਰ ਗਿਆ ਪਾਣੀ।
ਸਤਾਇਆ ਪੀੜ ਨੇ ਦਿਲ, ਅੱਖੀਆਂ ਦਾ ਮਰ ਗਿਆ ਪਾਣੀ।

ਖ਼ਰੇ ਕਿਉਂ ਅੱਤ ਚੁੱਕੀ ਸੀ, ਇਨ੍ਹਾਂ ਮਰਜਾਣੀਆਂ ਲਹਿਰਾਂ,
ਮਿਰੀ ਬੇੜੀ ਡੁਬੋਂਦੇ ਸਾਰ ਹੀ, ਉੱਤਰ ਗਿਆ ਪਾਣੀ।

ਕਿਸੇ ਦੇ ਹੱਥ ਲੱਗੇ ਸਿਰਫ਼ ਬਸ, ਘੋਗੇ ਤੇ ਸਿੱਪੀਆਂ ਹੀ,
ਕਿਸੇ ਦੇ ਵਾਸਤੇ ਮੋਤੀ ਕਿਨਾਰੇ, ਧਰ ਗਿਆ ਪਾਣੀ।

ਕਰੋੜਾਂ ਸਾਲ ਮਗਰੋਂ ਜ਼ਿੰਦਗੀ ਪਣਪੀ ਇਦ੍ਹੇ ਤਲ 'ਤੇ,
ਕਰੋੜਾਂ ਸਾਲ ਪਹਿਲਾਂ ਧਰਤ 'ਤੇ ਬਿੱਖਰ ਗਿਆ ਪਾਣੀ।

ਇਰਾਦਾ ਧਾਰਿਆ ਤਾਂ ਵਹਿਣ ਦਰਿਆਵਾਂ ਦੇ ਮੋੜੇ ਨੇ,
ਇਰਾਦਾ ਆਦਮੀ ਦਾ ਜਿੱਤਿਆ ਤੇ ਹਰ ਗਿਆ ਪਾਣੀ।

ਕਿਸੇ ਦੇ ਨਾਲ ਵੀ ਨਾ ਵਿਤਕਰਾ ਕਰਿਆ, ਜਦੋਂ ਚੜ੍ਹਿਆ,
ਇਹ ਟੋਏ ਕੀ, ਤੇ ਟਿੱਬੇ ਕੀ, ਬਰਾਬਰ ਕਰ ਗਿਆ ਪਾਣੀ।

ਵਹਾਈ ਜਾ ਰਹੇ ਪਾਣੀ 'ਚ ਅੰਨ੍ਹੇਵਾਹ ਅਸੀਂ ਕਚਰਾ,
ਕਦੇ ਇਹ ਸੋਚਿਐ, ਵਿਸ਼ ਨਾਲ ਜਿਸ ਦਿਨ ਭਰ ਗਿਆ ਪਾਣੀ?

ਵਿਕਾਸ ਅੰਨ੍ਹਾ ਜੇ ਗਰਮਾਉਂਦਾ ਰਿਹਾ ਵਾਤਾਵਰਣ ਇਉਂ ਹੀ,
ਬਣੂਗਾ ਕੀ ਮਨੁੱਖਤਾ ਦਾ, ਜਦੋਂ ਬਿੱਖਰ ਗਿਆ ਪਾਣੀ।

ਚਲੋ ਏਸੇ ਬਹਾਨੇ ਕ੍ਰਿਸ਼ਨ ਹੌਲ਼ਾ ਹੋ ਗਿਆ ਮਨ ਤਾਂ,
ਵਹਾਏ ਅੱਥਰੂ ਏਨੇ ਕਿ ਅੱਖੋਂ ਮਰ ਗਿਆ ਪਾਣੀ।

♦

❑

ਤੁਹਾਨੂੰ ਦਿਸ ਰਿਹਾਂ ਜੋ ਕੁਝ, ਮੈਂ ਉਹ ਕੁਝ ਹਾਂ ਨਹੀਂ ਯਾਰੋ।
ਮੈਂ ਦਿਲ ਦੀ ਪੀੜ ਕਹਿ ਲੈਨਾਂ, ਮੈਂ ਸ਼ਾਇਰ ਤਾਂ ਨਹੀਂ ਯਾਰੋ।

ਇਹ ਦਿਲ ਮਹਿਸੂਸ ਕਰਦਾ ਹੈ, ਜ਼ਮਾਨੇ ਭਰ ਦੀਆਂ ਪੀੜਾਂ,
ਮਿਰੇ ਦਿਲ ਵਿਚ ਕੇਵਲ ਅਪਣੀਆਂ ਪੀੜਾਂ ਨਹੀਂ ਯਾਰੋ।

ਇਹ ਨਫ਼ਰਤ, ਹਸਦ, ਸਾੜਾ, ਈਰਖਾ, ਹਉਮੈ, ਬਦੀ ਖ਼ਾਤਰ,
ਮੈਂ ਏਨਾ ਤੰਗ ਦਿਲ ਹਾਂ, ਦਿਲ 'ਚ ਮੇਰੇ ਥਾਂ ਨਹੀਂ ਯਾਰੋ।

ਇਹ ਰਾਜੇ ਰਾਣੀਆਂ ਦਾ ਜ਼ਿਕਰ ਹੀ ਕਰਦੈ, ਜਦੋਂ ਕਰਦੈ,
ਕਿਸੇ ਇਤਿਹਾਸ ਵਿਚ ਲੋਕਾਂ ਦਾ ਕਿਧਰੇ ਨਾਂ ਨਹੀਂ ਯਾਰੋ।

ਕਿਵੇਂ ਰੋਕਾਂ ਇਨ੍ਹਾਂ ਨੂੰ ਮੈਂ, ਬਹੁਤ ਮੂੰਹਜ਼ੋਰ ਹੁੰਦੀਆਂ ਨੇ,
ਕਿਸੇ ਦੇ ਰੋਕਿਆਂ ਰੁਕੀਆਂ ਕਦੇ ਮਹਿਕਾਂ ਨਹੀਂ ਯਾਰੋ।

ਤੁਸੀਂ ਔਗੁਣ ਚਿਤਾਰੋ, ਖਾਮੀਆਂ ਉੱਤੇ ਧਰੋ ਉਂਗਲ,
ਕਿ ਮੈਨੂੰ ਦਿਸਦੀਆਂ ਕਮਬਖ਼ਤ ਇਹ, ਕਮੀਆਂ ਨਹੀਂ ਯਾਰੋ।

ਸਫ਼ਰ ਕਰਕੇ ਅਸੀਂ ਹੁਣ ਗਿਆਨ ਤੋਂ ਵਿਗਿਆਨ ਵਲ ਜਾਈਏ,
ਸਫ਼ਰ ਮੁੱਕੇ ਕਦੇ ਨਾ, ਗਿਆਨ ਦੀ ਸੀਮਾ ਨਹੀਂ ਯਾਰੋ।

ਉਨ੍ਹਾਂ ਨੂੰ ਕੁਹਜ ਹੀ ਦਿਸਦੈ, ਸੁਹੱਪਣ ਕਿਸ ਤਰ੍ਹਾਂ ਦੇਖਣ,
ਜਿਨ੍ਹਾਂ ਦੇ ਕੋਲ ਦੇਖਣ ਵਾਲੀਆਂ ਨਜ਼ਰਾਂ ਨਹੀਂ ਯਾਰੋ।

ਬਿਨਾਂ ਜਜ਼ਬੇ, ਤਖ਼ਈਅਲ, ਖ਼ਿਆਲ, ਚਿੰਤਨ, ਭਾਵਨਾਵਾਂ ਦੇ,
ਇਹ ਤੁਕਬੰਦੀ ਹੈ ਕੇਵਲ ਕ੍ਰਿਸ਼ਨ, ਗ਼ਜ਼ਲਾਂ ਤਾਂ ਨਹੀਂ ਯਾਰੋ।

♦

❐

ਮੈਂ ਨਹੀਂ ਜੋ ਹੋ ਗਿਆ, ਸੜਕੇ ਸੁਆਹ ਘਾਹ ਫੂਸ ਵਾਂਗ।
ਮੈਂ ਤਾਂ ਜੀਅ ਉਠਾਂਗਾ ਅਪਣੀ ਰਾਖ਼ 'ਚੋਂ ਕੁਕਨੂਸ ਵਾਂਗ।

ਜੋੜਦਾਂ ਤੀਲੇ ਮੈਂ ਫਿਰ ਤੋਂ ਆਲ੍ਹਣਾ ਸਿਰਜਣ ਲਈ,
ਗ਼ਮ ਤਾਂ ਉਸ ਘਰ ਦਾ ਵੀ ਹੈ, ਜੋ ਬਿਖਰ ਚੁੱਕਿਐ ਰੂਸ ਵਾਂਗ।

ਮੇਰੇ ਦਾਤਾ ਬਖ਼ਸ਼ ਦੇਵੀਂ ਦਾਸ ਨੂੰ ਏਨੀ ਸੁਮੱਤ,
ਨ੍ਹੇਰਿਆਂ ਰਾਹਾਂ 'ਚ ਵੰਡਾਂ ਰੌਸ਼ਨੀ ਫ਼ਾਨੂਸ ਵਾਂਗ।

ਚਾਰ ਸਾਹ ਸੌਖੇ ਲਵਾਂ ਮੈਂ, ਏਸਦੀ ਮੁਹਲਤ ਨਾ ਦੇਣ,
ਕਿਉਂ ਮਿਰਾ ਪਿੱਛਾ ਤਕਾਉਂਦੇ ਹਾਦਸੇ, ਜਾਸੂਸ ਵਾਂਗ।

ਸੋਚਣੀ ਰੌਸ਼ਨ ਹੈ ਜਿਸਦੀ, ਉਸਦੇ ਚਿਹਰੇ 'ਤੇ ਜਲੌਅ,
ਸੋਚਣੀ ਮਨਹੂਸ ਜਿਸਦੀ, ਜਾਪਦੈ ਮਨਹੂਸ ਵਾਂਗ।

ਨਾ ਮਿਲੇ ਸੌਖੀ ਰਿਹਾਈ ਏਸ ਮਿੱਠੀ ਜੇਲ੍ਹ 'ਚੋਂ,
ਇਹ ਨੜਾ ਨਿਸ ਦਿਨ ਨਿਚੋੜੇ ਕਾਮਿਆਂ 'ਚੋਂ ਜੂਸ ਵਾਂਗ।

ਵੰਡਿਆਂ ਘਟਦੀ ਨਹੀਂ ਹੈ, ਹੋਰ ਵਧਦੀ ਹੈ ਸਗੋਂ,
ਖੋਹਲ ਕੇ ਦਿਲ ਕਰ ਮੁਹੱਬਤ ਵਰਤ ਨਾ ਕੰਜੂਸ ਵਾਂਗ।

ਜਿੱਤ ਕੇ ਰਣ ਵੀ ਦਿਖਾ ਰਣਜੀਤ ਮੰਨਾਂ ਫੇਰ ਮੈਂ,
ਤੇਰੇ ਸਾਹਵੇਂ ਮੁਸ਼ਕਲਾਂ ਉਡ ਜਾਣ ਸਭ ਘਾਹ ਫੂਸ ਵਾਂਗ।

ਘੋਰ ਕਾਲੀ ਰਾਤ 'ਚੋਂ ਅਹੁ ਦਿਸ ਰਹੀ ਆਸ਼ਾ ਕਿਰਨ,
ਕ੍ਰਿਸ਼ਨ ਰਹਿ ਚੜ੍ਹਦੀ ਕਲਾ ਵਿਚ ਕਿਉਂ ਫਿਰੇਂ ਮਾਯੂਸ ਵਾਂਗ।

♦

❒

ਵਰ੍ਹੇ ਵੀ ਉਮਰ ਦੇ ਗਾਲੇ, ਅਜੇ ਪੈਂਡਾ ਬੜਾ ਲੰਮੇਂ।
ਤੁਰੇ ਨਾ ਦੋ ਕਦਮ ਹਾਲੇ, ਅਜੇ ਪੈਂਡਾ ਬੜਾ ਲੰਮੇਂ।

ਤੁਰੇ ਜਾਂਦੇ ਦਿਸ਼ਾਹੀਣੇ, ਕੁਈ ਮੰਜ਼ਿਲ ਨਹੀਂ ਦਿਸਦੀ,
ਅਸੀਂ ਐਵੇਂ ਭਰਮ ਪਾਲੇ, ਅਜੇ ਪੈਂਡਾ ਬੜਾ ਲੰਮੇਂ।

ਜਿਨ੍ਹਾਂ ਦਾ ਕੰਮ ਰਖਵਾਲੀ, ਬਣੇ ਹਨ ਧਾੜਵੀ ਓਹੀ,
ਜੇ ਲੁੱਟਣ ਵਰ੍ਹਦੀਆਂ ਵਾਲੇ, ਅਜੇ ਪੈਂਡਾ ਬੜਾ ਲੰਮੇਂ।

ਜਿਨ੍ਹਾਂ ਹੱਥਾਂ 'ਚ ਦੇ ਦਿੱਤੈ ਅਸਾਂ ਨੇ, ਸੰਵਿਧਾਨ ਅਪਣਾ,
ਉਨ੍ਹਾਂ ਹੱਥਾਂ ਗੁਨਾਹ ਪਾਲੇ, ਅਜੇ ਪੈਂਡਾ ਬੜਾ ਲੰਮੇਂ।

ਨ ਅਪਣਾ ਹੱਕ ਮੰਗਣ ਵਾਸਤੇ, ਖੁਲ੍ਹਦੀ ਜ਼ੁਬਾਨ ਅਪਣੀ,
ਜੜੇ ਮੂੰਹਾਂ 'ਤੇ ਜੇ ਤਾਲੇ, ਅਜੇ ਪੈਂਡਾ ਬੜਾ ਲੰਮੇਂ।

ਜੇ ਇੱਕੀਵੀਂ ਸਦੀ ਵਿਚ ਪੈਰ, ਸਿਰ ਮੱਧ-ਕਾਲ ਵਿਚ ਘੁੰਮਦਾ,
ਨ ਲੱਥੇ ਸੋਚ ਤੋਂ ਜਾਲ਼ੇ, ਅਜੇ ਪੈਂਡਾ ਬੜਾ ਲੰਮੇਂ।

ਜੇ ਢਿੱਲੀ ਚੂਲ ਦੇ ਵਿਚ ਫਾਲ ਦੀ ਥਾਂ ਠੋਕਣੇ ਫਾਲੇ,
ਤਾਂ ਕੁਝ ਸੋਚਣ ਕਲਮ ਵਾਲੇ, ਅਜੇ ਪੈਂਡਾ ਬੜਾ ਲੰਮੇਂ।

ਅਧੂਰੀ ਖੋਜ ਹੈ ਹਾਲੇ, ਗ੍ਰਹਿਆਂ 'ਤੇ ਵੀ ਘੁੰਮ ਆਏ,
ਨਹੀਂ ਜੀਵਨ ਦੇ ਚਿੰਨ ਭਾਲੇ, ਅਜੇ ਪੈਂਡਾ ਬੜਾ ਲੰਮੇਂ।

ਇਹ ਜ਼ਿੰਮਾ ਰਾਹਬਰਾਂ ਦਾ ਕ੍ਰਿਸ਼ਨ, ਔਝੜ ਜਾਣ ਨਾ ਕਿਧਰੇ,
ਮੁਸਾਫ਼ਰ ਜਾਣ ਸੰਭਾਲੇ, ਅਜੇ ਪੈਂਡਾ ਬੜਾ ਲੰਮੇਂ।

♦

❐

ਇਹ ਦਿਲ ਦਫ਼ਤਰ ਹੈ, ਦਫ਼ਤਰ ਵਿਚ ਮੁਲਾਜ਼ਮ ਆਉਂਦੇ ਜਾਂਦੇ ਨੇ।
ਤੇ ਕਾਰੋਬਾਰ ਦਿਲ ਦਾ ਧੜਕਣਾ, ਦਮ ਆਉਂਦੇ ਜਾਂਦੇ ਨੇ।

ਕਦੇ ਰੁਕਦਾ ਨਹੀਂ ਹੈ ਵਕਤ, ਮੌਸਮ ਆਉਂਦੇ ਜਾਂਦੇ ਨੇ,
ਕਦੇ ਧੁੱਪਾਂ, ਕਦੇ ਛਾਵਾਂ, ਖ਼ੁਸ਼ੀ, ਗ਼ਮ ਆਉਂਦੇ ਜਾਂਦੇ ਨੇ।

ਕਿਸੇ ਇਕ ਦੀ ਰਹੇ ਬਣ ਕੇ, ਨਹੀਂ ਫ਼ਿਤਰਤ ਰਹੀ ਇਸਦੀ,
ਨਹੀਂ ਜਾਂਦੀ ਕਿਤੇ ਕੁਰਸੀ ਤਾਂ, ਹਾਕਮ ਆਉਂਦੇ ਜਾਂਦੇ ਨੇ।

ਦਿਨੋਂ ਦਿਨ ਸੁੰਗੜਦੀ ਜਾਂਦੀ ਹੈ ਦੁਨੀਆਂ ਹੋ ਰਹੀ ਛੋਟੀ,
ਦਿਨੋ ਦਿਨ ਨੇੜ ਨੂੰ ਪੂਰਬ ਤੇ ਪੱਛਮ ਆਉਂਦੇ ਜਾਂਦੇ ਨੇ।

ਬਿਨਾਂ ਤੇਰੇ, ਮਿਰਾ ਕੀ ਹਾਲ, ਨਾ ਪੁੱਛੇਂ ਤਾਂ ਬਿਹਤਰ ਹੈ,
ਜੇ ਸਾਹ ਲੈਣੇ ਨੂੰ ਜਿਊਣਾ ਆਖਦੇ, ਦਮ ਆਉਂਦੇ ਜਾਂਦੇ ਨੇ

ਖ਼ੁਸੀ ਆਉਂਦੀ ਕਦੇ ਮਹਿਮਾਨ ਵਾਂਗੂੰ ਪਲ ਘੜੀ ਖ਼ਾਤਰ,
ਤੇ ਦਿਲ ਨੂੰ ਆਪਣਾ ਘਰ ਜਾਣ ਕੇ, ਗ਼ਮ ਆਉਂਦੇ ਜਾਂਦੇ ਨੇ

ਇਹ ਬਰਕਤ ਲੋਕਤੰਤਰ ਦੀ, ਮਿਰੇ ਭਾਰਤ ਮਹਾਨ ਅੰਦਰ,
ਧੜੱਲੇ ਨਾਲ ਸੰਸਦ ਵਿਚ ਮੁਲਜ਼ਮ ਆਉਂਦੇ ਜਾਂਦੇ ਨੇ।

ਚੜ੍ਹੀ ਹੋਈ ਸੀ ਗੁੱਡੀ ਰਹਿੰਦੀਆਂ ਸਨ ਰੌਣਕਾਂ ਲੱਗੀਆਂ,
ਪਏ ਫ਼ਾਕੇ ਜਦੋਂ ਤੋਂ, ਲੋਕ ਹੁਣ ਕਮ ਆਉਂਦੇ ਜਾਂਦੇ ਨੇ।

ਬਹੁਤ ਮੁਸ਼ਕਲ, ਕੁਈ ਵਿਰਲਾ ਹੀ ਬੱਝਦੈ ਕ੍ਰਿਸ਼ਨ ਸ਼ਿਅਰਾਂ ਵਿਚ,
ਨਹੀਂ ਤਾਂ ਕਾਫ਼ਲੇ ਖ਼ਿਆਲਾਂ ਦੇ ਹਰ ਦਮ ਆਉਂਦੇ ਜਾਂਦੇ ਨੇ।

♦

❐

ਕਿਸੇ ਨੂੰ ਕੀ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।
ਖ਼ਰੀ ਆਖੀ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।

ਕਿਵੇਂ ਮਹਿਸੂਸ ਕਰ ਸਕਦੇ ਕਿਸੇ ਦੀ ਪੀੜ ਜੀਹਨਾਂ 'ਤੇ,
ਨਹੀਂ ਬੀਤੀ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।

ਤੂੰ ਕੀ ਜਾਣੇ ਅਸਾਡੀ ਪੀੜ, ਅਣਕੀਤੇ ਗੁਨਾਹਾਂ ਦੀ,
ਸਜ਼ਾ ਭੁਗਤੀ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।

ਨ ਮੈਂ ਸ਼ਬਦਾਂ 'ਚ ਕਹਿ ਸਕਦਾ ਹਾਂ ਕਿੰਨਾ ਤੰਗ ਕਰਦੀ ਹੈ,
ਇਹ ਤਨਹਾਈ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।

ਉਨ੍ਹਾਂ ਰਾਹੀਆਂ 'ਤੇ ਕੀ ਬੀਤੀ, ਜਿਨ੍ਹਾਂ ਨੂੰ ਰਾਹਬਰਾਂ ਛਲਿਆ,
ਇਹ ਅਣਹੋਣੀ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।

ਕਿਵੇਂ ਦੱਸਾਂ ਮਿਰੇ ਦਿਲ ਜਾਨੀਆਂ, ਪਲ ਪਲ ਬਿਨਾਂ ਤੇਰੇ,
ਪਵੇ ਭਾਰੀ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।

ਬਸੰਤਰ ਜਾਪਦੀ ਹੈ ਅੱਗ ਜੇ ਦੂਜੇ ਦੇ ਘਰ ਲੱਗੇ,
ਤੇ ਇਹ ਭਾਵੀ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।

ਕਿਸੇ ਦੂਜੇ ਦੀ ਥਾਂ ਮਰਦਾ ਹੈ ਕਿਹੜਾ ਸਿਰਫ਼ ਗੱਲਾਂ ਨੇ,
ਪਵੇ ਭੀੜੀ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।

ਤਿਰੇ ਤਾਂ ਮਨ 'ਚ ਆਸ਼ਾ, ਕ੍ਰਿਸ਼ਨ ਇਕ ਵੀ ਆਸ ਜੀਹਨਾਂ ਦੀ,
ਨਹੀਂ ਬਾਕੀ, ਜਿਨ੍ਹਾਂ 'ਤੇ ਬੀਤਦੀ ਹੈ ਜਾਣਦੇ ਓਹੀ।

♦

❒

ਬਿਨਾਂ ਹਿੰਮਤ ਦੇ ਹੁਣ ਤਾਂ, ਪਾਰ ਲਾਉਣੀ ਹੈ ਬੜੀ ਮੁਸ਼ਕਿਲ।
ਇਹ ਬੇੜੀ ਡੁੱਬਦੀ ਹੋਈ, ਬਚਾਉਣੀ ਹੈ ਬੜੀ ਮੁਸ਼ਕਿਲ।

ਅਸੀਂ ਤਾਂ ਦਿਨ ਕਟੀ ਕਰਦੇ ਹਾਂ, ਯਾਦਾਂ ਤੇਰੀਆਂ ਸਦਕੇ,
ਨਹੀਂ ਤਾਂ ਜ਼ਿੰਦਗੀ 'ਕੱਲਿਆਂ ਹੰਢਾਉਣੀ, ਹੈ ਬੜੀ ਮੁਸ਼ਕਿਲ।

ਕਿਸੇ ਦੇ ਘਰ 'ਚ ਅੱਗ ਲਾਉਣੀ ਸੁਖਾਲੀ, ਲੂਤੀਆਂ ਲਾ ਕੇ,
ਕਿਸੇ ਦੇ ਘਰ 'ਚ ਅੱਗ ਲੱਗੀ ਬੁਝਾਉਣੀ, ਹੈ ਬੜੀ ਮੁਸ਼ਕਿਲ।

ਨਿਬੇੜੋ ਗੱਲ, ਐਵੇਂ ਨਾ ਵਧਾਉ ਫਿਰ ਨ ਪਛਤਾਉਣਾ,
ਵਧਾਉਣੀ ਗੱਲ ਤਾਂ ਸੌਖੀ, ਮੁਕਾਉਣੀ ਹੈ ਬੜੀ ਮੁਸ਼ਕਿਲ।

ਹਰਿਕ ਠੋਕਰ ਦੇ ਮਗਰੋਂ, ਸਬਕ ਮਿਲਿਆ ਹੈ ਇਹੋ ਸਾਨੂੰ,
ਕਿਸੇ ਨੂੰ ਠੋਕਰਾਂ ਬਿਨ ਅਕਲ ਆਉਣੀ ਹੈ ਬੜੀ ਮੁਸ਼ਕਿਲ।

ਕਿਸੇ ਵਿਰਲੇ ਦੇ ਹੱਥ ਹੁੰਦਾ ਹੈ ਇਸਨੂੰ ਹੱਲ ਕਰ ਸਕਣਾ,
ਨਹੀਂ ਤਾਂ ਜ਼ਿੰਦਗੀ ਦੀ ਇਹ ਅੜਾਉਣੀ, ਹੈ ਬੜੀ ਮੁਸ਼ਕਿਲ।

ਮੁਹੱਬਤ ਕਹਿਣ ਨੂੰ ਮੂੰਹ ਨਾਲ, ਕੇਵਲ ਹਰਫ਼ ਨੇ ਢਾਈ,
ਮੁਹੱਬਤ ਤੋੜ ਤੀਕਰ ਪਰ ਨਿਭਾਉਣੀ ਹੈ ਬੜੀ ਮੁਸ਼ਕਿਲ।

ਜਦੋਂ ਵੀ ਲੋਕ-ਰੋਹ ਦਾ ਹਾਕਮੋਂ ਫਟਦੈ ਕਦੇ ਲਾਵਾ,
ਤਾਂ ਫਿਰ ਆਵਾਜ਼ ਖ਼ਲਕਤ ਦੀ ਦਬਾਉਣੀ ਹੈ ਬੜੀ ਮੁਸ਼ਕਿਲ।

ਗ਼ਜ਼ਲ ਚੰਗੀ ਤਾਂ ਲਗਦੀ ਕ੍ਰਿਸ਼ਨ ਪਰ ਸ਼ਾਇਰ ਦੀ ਖ਼ਾਤਿਰ ਤਾਂ,
ਦੋ ਸਤਰਾਂ ਵਿੱਚ ਗੱਲ ਅਪਣੀ ਮੁਕਾਉਣੀ, ਹੈ ਬੜੀ ਮੁਸ਼ਕਿਲ।

♦

❑

ਮੈਂ ਕਿਸਨੂੰ ਦੁੱਖ ਦੱਸਾਂ, ਦਿਲ ਨਹੀਂ ਲਗਦਾ ਜੇ ਸੱਚ ਪੁੱਛੋਂ।
ਕਿਸੇ ਪਾਸੇ ਵੀ ਹੁਣ ਤਾਂ, ਦਿਲ ਨਹੀਂ ਲਗਦਾ, ਜੇ ਸੱਚ ਪੁੱਛੋਂ।

ਬੜੀ ਰੰਗੀਨ ਦੁਨੀਆਂ, ਖ਼ੂਬਸੂਰਤ ਵੀ ਹੈ, ਦਿਲਕਸ਼ ਵੀ,
ਬਿਨਾਂ ਤੇਰੇ ਕਿਸੇ ਥਾਂ, ਦਿਲ ਨਹੀਂ ਲਗਦਾ, ਜੇ ਸੱਚ ਪੁੱਛੋਂ।

ਅਜਾਈਂ ਜ਼ਿੰਦਗੀ ਬੀਤੇ ਮੈਂ ਪਲ ਪਲ ਮਾਣਨੀ ਚਾਹੁੰਨਾਂ,
ਇਹੋ ਦਿਨ ਰਾਤ ਸੋਚਾਂ, ਦਿਲ ਨਹੀਂ ਲਗਦਾ, ਜੇ ਸੱਚ ਪੁੱਛੋਂ।

ਕਿਵੇਂ ਦੱਸਾਂ ਕਿ ਤਨਹਾਈ 'ਚ ਕੀਕਣ, ਬੀਤਦੇ ਨੇ ਦਿਨ,
ਕਰਨ ਬੇਚੈਨ ਰਾਤਾਂ, ਦਿਲ ਨਹੀਂ ਲਗਦਾ, ਜੇ ਸੱਚ ਪੁੱਛੇਂ।

ਕਦੇ ਮਹਿਸੂਸ ਕੀਤਾ ਹੈ, ਮਿਰੇ ਵਾਂਗੂੰ ਇਕੱਲਾ ਤੂੰ,
ਬੁਰਾ ਮੰਨੀ ਨ ਪੁੱਛਾਂ, ਦਿਲ ਨਹੀਂ ਲਗਦਾ, ਜੇ ਸੱਚ ਪੁੱਛੇਂ।

ਵਿਛੋੜਾ ਪਲ ਨ ਚਾਹਾਂ, ਫੇਰ ਵੀ ਪਰ ਵਿਛੜਨਾ ਪੈਂਦੈ,
ਇਹ ਮਜਬੂਰੀ ਹੈ, ਊਂ ਤਾਂ, ਦਿਲ ਨਹੀਂ ਲਗਦਾ, ਜੇ ਸੱਚ ਪੁੱਛੇਂ।

ਇਹ ਮਰਿਆਦਾ ਹੈ ਕੈਸੀ, ਪਿਆਰ ਦਾ ਇਜ਼ਹਾਰ ਨਾ ਕਰਨਾ,
ਮੈਂ ਤੈਨੂੰ ਕਿੰਝ ਆਖਾਂ, ਦਿਲ ਨਹੀਂ ਲਗਦਾ, ਜੇ ਸੱਚ ਪੁੱਛੇਂ।

ਇਹ ਦਿਲ ਕੀ ਚੀਜ਼ ਹੈ, ਤੇਰੇ ਲਈ ਤਾਂ ਜਾਨ ਵੀ ਹਾਜ਼ਰ,
ਤਿਰੀ ਆਈ ਤੇ ਮਰ ਜਾਂ, ਦਿਲ ਨਹੀਂ ਲਗਦਾ, ਜੇ ਸੱਚ ਪੁੱਛੇਂ।

ਮੈਂ ਲਿੱਖਾਂ ਕ੍ਰਿਸ਼ਨ ਤੈਨੂੰ ਖ਼ਤ ਜੇ, ਉਸ ਖ਼ਤ ਵਿੱਚ ਕੀ ਲਿੱਖਾਂ,
ਮੈਂ ਏਹੋ ਸਤਰ ਲਿੱਖਾਂ, ਦਿਲ ਨਹੀਂ ਲਗਦਾ, ਜੇ ਸੱਚ ਪੁੱਛੇਂ।

♦

❐

ਦਿਨੋ ਦਿਨ ਖੁਲ੍ਹਦੇ ਜਾਂਦੇ ਨੇ ਅਪਣੀ ਉਮਰ ਦੇ ਵਰਕੇ।
ਦਿਨੋ ਦਿਨ ਸਿਮਟਦੇ ਜਾਂਦੇ ਨੇ, ਅਪਣੀ ਉਮਰ ਦੇ ਵਰਕੇ।

ਛੁਪਾਇਆ ਕੁਝ ਨਹੀਂ ਹੈ ਜ਼ਿੰਦਗੀ ਖੁੱਲ੍ਹੀ ਕਿਤਾਬ ਅਪਣੀ,
ਪੜ੍ਹੇ ਜਿਹੜਾ ਪੜ੍ਹੇ ਜਾਂਦੇ ਨੇ ਅਪਣੀ ਉਮਰ ਦੇ ਵਰਕੇ।

ਜੁ ਤੇਰੇ ਸੰਦਲੀ ਸਾਹਾਂ ਦੀ ਖ਼ੁਸ਼ਬੂ ਨਾਲ ਭਿੱਜੇ ਨੇ,
ਉਹ ਨਿਸ ਦਿਨ ਮਹਿਕਦੇ ਜਾਂਦੇ ਨੇ, ਅਪਣੀ ਉਮਰ ਦੇ ਵਰਕੇ।

ਗਏ ਹੱਥੋਂ ਨਿਕਲ ਜਿਹੜੇ, ਉਨ੍ਹਾਂ 'ਤੇ ਵਸ ਨਹੀਂ ਚਲਦਾ,
ਭਲਾ ਹੁਣ ਕਦ ਫੜੇ ਜਾਂਦੇ ਨੇ, ਅਪਣੀ ਉਮਰ ਦੇ ਵਰਕੇ।

ਕਿਸੇ ਨੂੰ ਕੀ ਪਤਾ ਇਨ੍ਹਾਂ ਸਮਾਪਤ ਕਦ ਕੁ ਹੋ ਜਾਣੈਂ,
ਕਿਸੇ ਤੋਂ ਕਦ ਲਿਖੇ ਜਾਂਦੇ ਨੇ, ਅਪਣੀ ਉਮਰ ਦੇ ਵਰਕੇ।

ਹਰਿੱਕ ਦਾ ਫ਼ਰਜ਼ ਬਣਦੈ ਆਪਣਾ ਆਪਾ ਸੰਭਾਲਣ ਦਾ,
ਸੰਭਾਲੋ ਹੁਣ, ਫਟੇ ਜਾਂਦੇ ਨੇ ਅਪਣੀ ਉਮਰ ਦੇ ਵਰਕੇ।

ਜਿਨ੍ਹਾਂ ਨੇ ਵਕਤ ਸਿਰ ਸੰਭਾਲਿਆ ਨਾ, ਵਕਤ ਹੀ ਅਪਣਾ,
ਉਨ੍ਹਾਂ ਹੱਥੋਂ ਚਲੇ ਜਾਂਦੇ ਨੇ, ਅਪਣੀ ਉਮਰ ਦੇ ਵਰਕੇ।

ਜਿਨ੍ਹਾਂ ਵਿਚ ਸਾਂਭੀਆਂ ਗਈਆਂ ਨੇ ਸੱਜਣਾ ਤੇਰੀਆਂ ਯਾਦਾਂ,
ਉਹ ਸੋਨੇ ਵਿਚ ਮੜ੍ਹੇ ਜਾਂਦੇ ਨੇ, ਅਪਣੀ ਉਮਰ ਦੇ ਵਰਕੇ।

ਜ਼ਰੂਰੀ ਹੈ ਇਨ੍ਹਾਂ ਨੂੰ ਕ੍ਰਿਸ਼ਨ ਹੁਣ ਮੈਂ ਜਿਲਦ ਵਿਚ ਬੰਨ੍ਹਾ,
ਨਹੀਂ ਤਾਂ ਅਹੁ ਉਡੇ ਜਾਂਦੇ ਨੇ ਅਪਣੀ ਉਮਰ ਦੇ ਵਰਕੇ।

♦

❐

ਭੁਲਾਵਾਂ ਨਾ ਮੈਂ ਤੈਨੂੰ, ਤੂੰ ਮੁਹੱਬਤ ਸਾਂਭ ਕੇ ਰੱਖੀਂ।
ਲਹੂ ਦੇ ਨਾਲ ਜੋ ਲਿੱਖੇ, ਮਿਰੇ ਖ਼ਤ ਸਾਂਭ ਕੇ ਰੱਖੀਂ।

ਗੁਆ ਦੇਵੇਂ, ਜੇ ਧਨ, ਦੌਲਤ ਪ੍ਰਾਪਤ ਫੇਰ ਹੋ ਸਕਦੀ,
ਭਰੋਸਾ, ਸਿਦਕ, ਆਸ਼ਾ, ਲਗਨ, ਹਿੰਮਤ, ਸਾਂਭ ਕੇ ਰੱਖੀਂ।

ਦਸਾਂ ਨਹੁੰਆਂ ਦੀਆਂ ਬਸ ਦੋ ਗਰਾਹੀਆਂ ਬਹੁਤ ਨੇ ਮੈਨੂੰ,
ਮਿਰੇ ਕਿਸ ਕੰਮ ਹੈ ਤੇਰੀ ਇਹ ਦੌਲਤ, ਸਾਂਭ ਕੇ ਰੱਖੀਂ।

ਮਿਰੇ ਵਿਹੜੇ 'ਚ ਖ਼ੁਸ਼ੀਆਂ ਮਾਣ ਤੂੰ, ਖ਼ੁਸ਼ਬੋ ਖਿੰਡਾ ਅਪਣੀ,
ਮਿਰੀ ਧੀਏ ਮਿਰੀ ਬੱਸ ਪੱਗ ਦੀ ਪੱਤ ਸਾਂਭ ਕੇ ਰੱਖੀਂ।

ਮਿਰੀ ਜਾਣੀ ਜਾਂ ਅਣਜਾਣੀ ਖ਼ਤਾਂ ਤੂੰ ਮਾਫ਼ ਕਰ ਦੇਵੀਂ,
ਗਿਲਾ ਕੋਈ ਤੂੰ ਅਪਣੇ ਦਿਲ ਦੇ ਵਿਚ ਮੱਤ ਸਾਂਭ ਕੇ ਰੱਖੀਂ।

ਕਿਹਾ ਹੋਣਾ ਹੈ ਆਦਮ ਨੂੰ ਖ਼ੁਦਾ ਨੇ ਸਿਰਜਣਾ ਵੇਲੇ,
ਮੈਂ ਤੈਨੂੰ ਬਖ਼ਸ਼ ਦਿੱਤੀ ਹੈ ਇਹ ਕੁਦਰਤ, ਸਾਂਭ ਕੇ ਰੱਖੀਂ।

ਮੈਂ ਪਰਦੇਸੀ ਹਾਂ ਤੈਨੂੰ ਦੇਣ ਯੋਗਾ ਕੁਝ ਨਹੀਂ ਪੱਲੇ,
ਮੈਂ ਅਪਣਾ ਦਿਲ ਦਿਆਂ, ਲੈ ਇਹ ਅਮਾਨਤ ਸਾਂਭ ਕੇ ਰੱਖੀਂ।

ਵਿਕੇ ਹਰ ਚੀਜ਼ ਇਸ ਮੰਡੀ 'ਚ, ਬਸ ਹੁਸ਼ਿਆਰ ਤੂੰ ਰਹਿਣਾ,
ਸਕੇਂ ਜੇ ਸਾਂਭ ਤਾਂ ਬਸ ਅਪਣੀ ਇੱਜ਼ਤ ਸਾਂਭ ਕੇ ਰੱਖੀਂ।

ਨਿਮੋਹੀ ਰਿਸ਼ਤਿਆਂ ਤੋਂ ਕ੍ਰਿਸ਼ਨ ਇਹ ਤਹਿਜ਼ੀਬ ਪੱਛਮ ਦੀ,
ਜੇ ਰੱਖ ਸਕਦਾ ਏਂ ਕੁਝ ਰਿਸ਼ਤੇ ਸਲਾਮਤ ਸਾਂਭ ਕੇ ਰੱਖੀਂ।

♦

❐

ਜਿਵੇਂ ਫੁੱਲਾਂ ਨੂੰ ਮਹਿਕਣ ਤੋਂ, ਕਦੇ ਫ਼ੁਰਸਤ ਨਹੀਂ ਮਿਲਦੀ।
ਇਹ ਦਿਲ ਹੈ, ਦਿਲ ਨੂੰ ਧੜਕਣ ਤੋਂ ਕਦੇ ਫ਼ੁਰਸਤ ਨਹੀਂ ਮਿਲਦੀ।

ਮਨਾਂ ਪਾਰੇ ਦੀ ਜੂਨੀ ਪੈ ਗਿਉਂ ਤੂੰ, ਹੁਣ ਕਿਸੇ ਵੀ ਪਲ,
ਕਿਸੇ ਵੀ ਹਾਲ, ਤੜਪਣ ਤੋਂ ਬਿਨਾਂ, ਫ਼ੁਰਸਤ ਨਹੀਂ ਮਿਲਦੀ।

ਇਹ ਦੁਨੀਆਂ ਖ਼ੂਬਸੂਰਤ ਹੈ ਬੜੀ, ਤਾਂ ਹੀ ਤਾਂ ਅੱਖੀਆਂ ਨੂੰ,
ਸੁਹੱਪਣ ਨੂੰ ਹੀ ਤੱਕਣ ਤੋਂ, ਕਦੇ ਫ਼ੁਰਸਤ ਨਹੀਂ ਮਿਲਦੀ।

ਮਿਰੇ ਪੈਰਾਂ ਦੇ ਹੇਠਾਂ ਅੱਗ ਬਲਦੀ ਹੈ ਜਿਵੇਂ ਲਟ ਲਟ,
ਮਿਰੇ ਪੈਰਾਂ ਨੂੰ ਭਟਕਣ ਤੋਂ, ਕਦੇ ਫ਼ੁਰਸਤ ਨਹੀਂ ਮਿਲਦੀ।

ਬਚਾਂ ਮੈਂ ਕਿਸ ਤਰ੍ਹਾਂ ਖਿੱਚ ਲੈਂਦੀਆਂ ਨੇ ਮੋਹ ਦੀਆਂ ਤੰਦਾਂ,
ਇਨ੍ਹਾਂ ਤੰਦਾਂ 'ਚ ਉਲਝਣ ਤੋਂ ਕਦੇ ਫ਼ੁਰਸਤ ਨਹੀਂ ਮਿਲਦੀ।

ਤਿਰੇ ਬਿਨ ਮੈਂ ਅਧੂਰਾ ਹਾਂ ਮਿਰੇ ਸੱਜਣਾ ਤਦੇ ਛਮ ਛਮ,
ਇਨ੍ਹਾਂ ਅੱਖੀਆਂ ਨੂੰ ਬਰਸਣ ਤੋਂ ਕਦੇ ਫ਼ੁਰਸਤ ਨਹੀਂ ਮਿਲਦੀ।

ਬਥੇਰੇ ਵੇਲਣੇ ਪੈਂਦੇ ਨੇ ਪਾਪੜ, ਜਿਊਣ ਦੀ ਖ਼ਾਤਿਰ,
ਤੇ ਜਿਊਣਾ ਤਾਂ ਹੈ, ਵੇਲਣ ਤੋਂ ਕਦੇ ਫ਼ੁਰਸਤ ਨਹੀਂ ਮਿਲਦੀ।

ਜ਼ਮੀਰ ਅਪਣੀ ਸਲਾਮਤ ਰੱਖਦੇ ਨੇ ਜੋ, ਉਨ੍ਹਾਂ ਨੂੰ ਤਾਂ,
ਹਮੇਸ਼ਾ ਸੱਚ ਬੋਲਣ ਤੋਂ, ਕਦੇ ਫ਼ੁਰਸਤ ਨਹੀਂ ਮਿਲਦੀ।

ਬਥੇਰਾ ਮੈਂ ਬਚਾਵਾਂ ਕ੍ਰਿਸ਼ਨ ਖ਼ੁਦ ਨੂੰ ਪਰ ਮੈਂ ਸ਼ਾਇਰ ਹਾਂ,
ਨ ਸੋਚਣ ਤੋਂ, ਨ ਲਿੱਖਣ ਤੋਂ, ਕਦੇ ਫ਼ੁਰਸਤ ਨਹੀਂ ਮਿਲਦੀ।

♦

❐

ਮੇਰੇ 'ਚ ਜਾਨ ਹਾਲੇ, ਮੈਂ ਬੀਤਿਆ ਨਹੀਂ ਹਾਂ।
ਹਾਂ ਵਰਤਮਾਨ, ਹਾਲੇ ਮੈਂ ਬੀਤਿਆ ਨਹੀਂ ਹਾਂ।

ਤੂੰ ਤੀਰ ਚਾੜ੍ਹ ਚਿੱਲੇ, ਕਰ ਵਾਰ ਤਾਣ ਲਾ ਕੇ,
ਸੁੱਟ ਨਾ ਕਮਾਨ, ਹਾਲੇ ਮੈਂ ਬੀਤਿਆ ਨਹੀਂ ਹਾਂ।

ਸੀਨੇ ਮਿਰੇ 'ਚ ਓਵੇਂ, ਅਣਖ਼ੋ ਦੀ ਅੱਗ ਸੁਲਘੇ,
ਕਰ ਨਾ ਗੁਮਾਨ, ਹਾਲੇ ਮੈਂ ਬੀਤਿਆ ਨਹੀਂ ਹਾਂ।

ਇਉਂ ਆਖ਼ਰੀ ਪਲਾਂ ਤਕ, ਮੈਂ ਜੂਝਦਾ ਰਹਾਂਗਾ,
ਕਿੱਥੇ ਥਕਾਨ, ਹਾਲੇ ਮੈਂ ਬੀਤਿਆ ਨਹੀਂ ਹਾਂ।

ਰੀਝਾਂ, ਉਮੰਗ, ਸੁਪਨੇ, ਚਾਅ, ਸ਼ੌਕ, ਵਲਵਲੇ ਸਭ,
ਦਿਲ ਵਿਚ ਜਵਾਨ, ਹਾਲੇ ਮੈਂ ਬੀਤਿਆ ਨਹੀਂ ਹਾਂ।

ਐਵੇਂ ਫ਼ਰੇਬ ਖਾਵੇਂ, ਜਿੱਤ ਦੇ ਜਸ਼ਨ ਮਨਾਵੇਂ,
ਮੂਰਖ, ਨਾਦਾਨ, ਹਾਲੇ ਮੈਂ ਬੀਤਿਆ ਨਹੀਂ ਹਾਂ।

ਇਸਪਾਤ ਹੈ ਬਦਨ ਵੀ ਕੁੰਦਨ ਹੈ ਮੇਰਾ ਮਨ ਵੀ,
ਓਵੇਂ ਹੈ ਸ਼ਾਨ ਹਾਲੇ, ਮੈਂ ਬੀਤਿਆ ਨਹੀਂ ਹਾਂ।

ਦਿਲ ਵਿਚ ਤਿਰੀ ਮੁਹੱਬਤ, ਮੇਰੇ 'ਤੇ ਹੁਸਨ ਤੇਰਾ,
ਹੈ ਮਿਹਰਬਾਨ, ਹਾਲੇ ਮੈਂ ਬੀਤਿਆ ਨਹੀਂ ਹਾਂ।

ਰੱਖੇ ਵੀ ਕ੍ਰਿਸ਼ਨ ਕਿਉਂ ਨਾ, ਮੇਰੀ ਗ਼ਜ਼ਲ 'ਤੇ ਆਸਾਂ,
ਮੇਰੀ ਜ਼ੁਬਾਨ, ਹਾਲੇ ਮੈਂ ਬੀਤਿਆ ਨਹੀਂ ਹਾਂ।

♦

❐

ਤੂੰ ਕੀ ਜਾਣੇ ਓ ਅਣਜਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।
ਕਿਸੇ ਨੂੰ ਕੀ ਹੈ ਸਮਝਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।

ਹਰਿਕ ਠੋਕਰ ਤਾਂ ਹਿੰਮਤ ਬਖ਼ਸ਼ਦੀ, ਬਲਵਾਨ ਕਰ ਦਿੰਦੀ,
ਹਰਿਕ ਠੋਕਰ 'ਤੇ ਮੁਸਕਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।

ਨ ਸ਼ਾਹ ਅਸਵਾਰ ਬਣ ਸਕਦਾ, ਕਦੇ ਡਿਗਦਾ ਨਹੀਂ ਜਿਹੜਾ,
ਕਿਵੇਂ ਡਿਗ ਡਿਗ ਸੰਭਲ ਜਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।

ਅਜੇ ਇਹ ਬੰਦ ਕਲੀਆਂ ਨੇ, ਜਦੋਂ ਖਿੜੀਆਂ ਤਾਂ ਇਹਨਾਂ ਨੂੰ,
ਚੁਫ਼ੇਰਾ ਕਿੰਝ ਮਹਿਕਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।

ਮਨਾ ਤੂੰ ਝੂਰਦੈ ਕਾਹਤੋਂ, ਗ਼ਮਾਂ ਦੇ ਨ੍ਹੇਰਿਆਂ ਨੂੰ ਤਾਂ,
ਲਹੂ ਦੇ ਨਾਲ ਰੁਸ਼ਨਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।

ਸਮਾਂ ਖ਼ੁਦ ਹੀ ਸਿਖਾ ਦਿੰਦੈ, ਕਿਸੇ ਦੇ ਵਾਸਤੇ ਜਿਊਣਾ,
ਕਿਸੇ ਅਪਣੇ 'ਤੇ ਮਰ ਜਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।

ਹਰਿਕ ਮੁਸ਼ਕਲ 'ਚ ਹੀ ਹੁੰਦਾ ਹੈ, ਉਸਦਾ ਤੋੜ ਵੀ ਕੋਈ,
ਹਰਿਕ ਮੁਸ਼ਕਲ ਨੂੰ ਸੁਲਝਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।

ਸਮੇਂ ਦੀ ਮਾਰ ਜਦ ਪੈਂਦੀ ਨ ਕੋਈ ਵਿਤਕਰਾ ਕਰਦੀ,
ਨ ਕੋਈ ਰੰਕ ਨਾ ਰਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।

ਅਨੇਕਾਂ ਜ਼ਖ਼ਮ ਖਾ ਕੇ ਕ੍ਰਿਸ਼ਨ ਦਿਲ ਉੱਤੇ ਕਿਵੇਂ ਜਿਊਣਾ,
ਨਿਰੰਤਰ ਦਰਦ ਸਹਿ ਪਾਣਾ, ਸਮਾਂ ਖ਼ੁਦ ਹੀ ਸਿਖਾ ਦਿੰਦੈ।

♦

❐

ਗਈ ਕਿੱਥੇ ਤਿਰੀ ਹਿੰਮਤ, ਕਲਮ ਖ਼ਾਮੋਸ਼ ਕਿਉਂ ਹੋਈ।
ਕਲਮਕਾਰਾ ਤਿਰੀ ਤਾਕਤ, ਕਲਮ ਖ਼ਾਮੋਸ਼ ਕਿਉਂ ਹੋਈ।

ਰਗਾਂ ਵਿਚ ਦੌੜਦੀ ਫਿਰਦੀ ਸੀ, ਲਾਵੇ ਦੀ ਤਰ੍ਹਾਂ ਜਿਹੜੀ,
ਰਗਾਂ ਵਿਚ ਠਰ ਗਈ ਕਿਉਂ ਰਤ, ਕਲੰਮ ਖ਼ਾਮੋਸ਼ ਕਿਉਂ ਹੋਈ।

ਜ਼ਮਾਨੇ ਨੂੰ ਬਦਲ ਦੇਣੇ ਦਾ ਹੀਆ ਰੱਖਦਾ ਸੀ ਤੂੰ,
ਬਣਾਈ ਹੈ ਤੂੰ ਕੀ ਹਾਲਤ, ਕਲਮ ਖ਼ਾਮੋਸ਼ ਕਿਉਂ ਹੋਈ।

ਹਮੇਸ਼ਾ ਵੰਡਦਾ ਸੀ ਮੁਸਕਰਾਹਟਾਂ ਮੁਸ਼ਕਲਾਂ ਵਿਚ ਵੀ,
ਨਵੀਂ ਕੀ ਆ ਪਈ ਆਫ਼ਤ,ਕਲਮ ਖ਼ਾਮੋਸ਼ ਕਿਉਂ ਹੋਈ।

ਕਦੇ ਖੰਡਾਂ, ਬ੍ਰਹਿਮੰਡਾਂ ਦੇ ਵਿਚ ਤੂੰ ਫੈਲਣਾ ਚਾਹਿਆ,
ਕਿਉਂ ਅਪਣੇ ਤੀਕ ਹੁਣ ਸੀਮਤ, ਕਲਮ ਖ਼ਾਮੋਸ਼ ਕਿਉਂ ਹੋਈ।

ਤਿਰਾ ਤਾਂ ਕਰਮ ਇਕੋ ਹੈ, ਤੂੰ ਪਹਿਰਾ ਸੱਚ 'ਤੇ ਦੇਣਾ,
ਜ਼ਮਾਨਾ ਜੇ ਨਹੀਂ ਸਹਿਮਤ, ਕਲਮ ਖ਼ਾਮੋਸ਼ ਕਿਉਂ ਹੋਈ।

ਇਹ ਦਿਲ ਦੇ ਦਰਦ ਦਾ ਕਿੱਸਾ ਹੈ ਤੇਰੀ ਉਮਰ ਤੋਂ ਲੰਮਾ,
ਨਹੀਂ ਦਮ ਦੇਣਗੇ ਮੁਹਲਤ, ਕਲਮ ਖ਼ਾਮੋਸ਼ ਕਿਉਂ ਹੋਈ।

ਇਹ ਰਿਸ਼ਤੇਦਾਰੀਆਂ ਤਾਂ ਲੈਣੇ ਦੇਣੇ ਦੇ ਵਹੀ ਖ਼ਾਤੇ,
ਮੁਹੱਬਤ ਦੇ ਲਿਖੇ ਜੋ ਖ਼ਤ, ਕਲਮ ਖ਼ਾਮੋਸ਼ ਕਿਉਂ ਹੋਈ।

ਤੂੰ ਆਪਣੇ ਗ਼ਮ 'ਚ ਹੀ ਡੁੱਬਿਆ ਰਹੇਂ ਕਿਉਂ ਕ੍ਰਿਸ਼ਨ ਹਰ ਵੇਲੇ,
ਦਿਲਾਂ ਨੂੰ ਬਖ਼ਸ਼ਦੀ ਰਾਹਤ, ਕਲਮ ਖ਼ਾਮੋਸ਼ ਕਿਉਂ ਹੋਈ।

♦

□

ਵਫ਼ਾਦਾਰੀ, ਮੁਹੱਬਤ, ਜਜ਼ਬਿਆਂ ਨੂੰ ਕੌਣ ਪੁੱਛਦਾ ਹੈ।
ਇਹ ਨਗਰੀ ਡਾਲਰਾਂ ਦੀ ਹੈ, ਦਿਲਾਂ ਨੂੰ ਕੌਣ ਪੁੱਛਦਾ ਹੈ।

ਚੜ੍ਹੇ ਹਫ਼ਤੇ ਮਿਲੇ ਜੇ ਚੈੱਕ ਤਾਂ ਕੁਝ ਕਦਰ ਕਰਦੇ ਹੋ,
ਮਹੀਵਾਲੋ ਨਹੀਂ ਤਾਂ ਸੁਹਣੀਆਂ ਨੂੰ ਕੌਣ ਪੁੱਛਦਾ ਹੈ।

ਹਰਿਕ ਨੇ ਆਪਣੇ ਹਿਤ ਪਾਲੇ ਨੇ, ਦਿਲ ਕਾਲੇ, ਲਹੂ ਚਿੱਟਾ,
ਭਲਾ ਏਥੇ ਲਹੂ ਦੇ ਰਿਸ਼ਤਿਆਂ ਨੂੰ ਕੌਣ ਪੁੱਛਦਾ ਹੈ।

ਠਰੇ ਮੌਸਮ 'ਚ ਦਿਲ ਵੀ ਠਰ ਗਏ ਇਸ ਮੁਲਕ ਵਿਚ ਬਾਪੂ,
ਤਰਸਦੇ ਧੁੱਪ ਨੂੰ, ,ਤੂਤਾਂ ਦੀ ਛਾਂ ਨੂੰ ਕੌਣ ਪੁੱਛਦਾ ਹੈ।

ਰੁਝੇਵੇਂ ਅਪਣਿਆਂ ਵਿੱਚੋਂ, ਕਿਸੇ ਵਿਰਲੇ ਦੀ ਸੁਧ ਲਈਏ,
ਨਹੀਂ ਫ਼ੁਰਸਤ ਭਲਾ ਬੇਗਾਨਿਆਂ ਨੂੰ ਕੌਣ ਪੁੱਛਦਾ ਹੈ।

ਸਜਾ ਰੱਖੇ ਨੇ ਮਹਿੰਗੇ ਬਸਤਰਾਂ ਦੇ ਨਾਲ ਤਨ ਅਪਣੇ,
ਜੇ ਮਨ ਜ਼ਖ਼ਮੀ ਮਨਾ ਦਾ ਕੀ, ਮਨਾ ਨੂੰ ਕੌਣ ਪੁੱਛਦਾ ਹੈ।

ਬਿਨਾਂ ਸ਼ੱਕ ਯਾਦ ਤਾਂ ਕਰਦੇ ਨੇ, ਪਰ ਨਾ ਪਰਤਦੇ ਲੋਕੀ,
ਮਹਾਂਨਗਰੀ 'ਚ ਰਹਿ ਕੇ ਹੁਣ, ਗਰਾਂ ਨੂੰ ਕੌਣ ਪੁੱਛਦਾ ਹੈ।

ਖ਼ੁਸ਼ੀ ਵਿਚ ਨਾ ਸਹੀ ਤੂੰ ਅਪਣੀਆਂ ਮਜਬੂਰੀਆਂ 'ਤੇ ਹਸ,
ਇਹ ਦੁਨੀਆਂ ਹਸਦਿਆਂ ਦੀ, ਰੋਂਦਿਆਂ ਨੂੰ ਕੌਣ ਪੁੱਛਦਾ ਹੈ।

ਨਹੀਂ ਇਸ ਭੀੜ ਵਿਚ ਤੇਰੀ ਕਿਸੇ ਨੇ ਇਕ ਵੀ ਸੁਣਨੀ,
ਚਲਾ ਜਾਹ ਕ੍ਰਿਸ਼ਨ ਤੂੰ ਤੇਰੇ ਜਿਹਿਆਂ ਨੂੰ ਕੌਣ ਪੁੱਛਦਾ ਹੈ।

♦

❐

ਖ਼ਰੇ ਕਿਉਂ ਮੇਰੀਆਂ ਸੋਚਾਂ ਨੂੰ, ਰਿਸ਼ਤੇ ਰਾਸ ਨਾ ਆਏ।
ਮਿਰੀ ਛੋਟੀ ਜਹੀ ਦੁਨੀਆਂ ਨੂੰ, ਰਿਸ਼ਤੇ ਰਾਸ ਨਾ ਆਏ।

ਯਤਨ ਕੀਤੇ ਬੜੇ ਮੈਂ ਵੀ ਤਾਂ ਦੁਨੀਆਂਦਾਰ ਬਣ ਜਾਵਾਂ,
ਮਿਰੇ ਕੀਤੇ ਇਨ੍ਹਾਂ ਯਤਨਾਂ ਨੂੰ, ਰਿਸ਼ਤੇ ਰਾਸ ਨਾ ਆਏ।

ਮਿਰੇ ਮਨ ਦੇ ਕਿਸੇ ਖੂੰਜੇ 'ਚ ਦਬ ਕੇ ਰਹਿ ਗਏ ਜਾਣੋਂ,
ਮਿਰੇ ਚਾਅ, ਹਸਰਤਾਂ, ਰੀਝਾਂ ਨੂੰ ਰਿਸ਼ਤੇ ਰਾਸ ਨਾ ਆਏ।

ਇਨ੍ਹਾਂ ਤੋਂ ਮੈਂ ਲਗਾ ਬੈਠਾ ਸਾਂ ਸ਼ਾਇਦ ਬਹੁਤੀਆਂ ਆਸਾਂ,
ਤਦੇ ਤਾਂ ਮੇਰੀਆਂ ਆਸਾਂ ਨੂੰ ਰਿਸ਼ਤੇ ਰਾਸ ਨਾ ਆਏ।

ਉਨ੍ਹਾਂ ਨੇ ਜ਼ਖ਼ਮ ਹੀ ਦਿੱਤੇ ਜਿਨ੍ਹਾਂ ਮੱਲ੍ਹਮ ਲਗਾਉਣੀ ਸੀ,
ਮਿਰੇ ਦਿਲ ਦੇ ਇਨ੍ਹਾਂ ਜ਼ਖ਼ਮਾਂ ਨੂੰ, ਰਿਸ਼ਤੇ ਰਾਸ ਨਾ ਆਏ।

ਕਿਵੇਂ ਪਰਵਾਨ ਚੜ੍ਹਦੇ, ਖ਼ਾਬ ਮੇਰੇ, ਬੰਧਨਾਂ ਦੇ ਵਿਚ,
ਬਿਨਾਂ ਸ਼ੱਕ ਮੇਰਿਆਂ ਖ਼ਾਬਾਂ ਨੂੰ ਰਿਸ਼ਤੇ ਰਾਸ ਨਾ ਆਏ।

ਗ਼ਲਤ ਪਾਸੇ ਤੁਰਨ ਅਪਣੇ, ਉਨ੍ਹਾਂ ਨੂੰ ਰੋਕਣਾ ਬਣਦੈ,
ਮਿਰੇ ਜੋ ਫ਼ਰਜ਼ ਸਨ, ਫ਼ਰਜ਼ਾਂ ਨੂੰ ਰਿਸ਼ਤੇ ਰਾਸ ਨਾ ਆਏ।

ਮੁਆਫ਼ਕ ਹੋਣਗੇ ਕਈਆਂ ਨੂੰ ਰਿਸ਼ਤੇ, ਮੈਂ ਕਦੋਂ ਮੁਨਕਰ,
ਹਕੀਕਤ ਇਹ ਵੀ ਹੈ, ਕਈਆਂ ਨੂੰ ਰਿਸ਼ਤੇ ਰਾਸ ਨਾ ਆਏ।

ਜਿਨ੍ਹਾਂ ਦੇ ਕ੍ਰਿਸ਼ਨ ਰਿਸ਼ਤੇ ਟੁਟਦੇ ਮਰ ਤਾਂ ਨਹੀਂ ਜਾਂਦੇ,
ਬਣਾ ਲੈਂਦੇ ਨਵੇਂ ਜੀਹਨਾਂ ਨੂੰ, ਰਿਸ਼ਤੇ ਰਾਸ ਨਾ ਆਏ।

♦

□

ਜਿਸ ਤਰ੍ਹਾਂ ਰਹਿੰਦੀ ਗ਼ਰੀਬਾਂ ਨੂੰ ਹੈ ਸ਼ਾਹਾਂ ਦੀ ਤਲਾਸ਼।
ਮੈਨੂੰ ਤਿਰੀਆਂ ਪਿਆਰ ਵਿਚ ਭਿੱਜੀਆਂ ਨਿਗਾਹਾਂ ਦੀ ਤਲਾਸ਼।

ਠਿੱਲਣੋਂ ਪਹਿਲਾਂ ਕਿਨਾਰੇ 'ਤੇ ਖੜ੍ਹਾ ਸੁਕ ਜਾਏਂਗਾ,
ਸਾਂਭ ਲੈ ਚੱਪੂ ਮਨਾ, ਛੱਡ ਦੇ ਮਲਾਹਾਂ ਦੀ ਤਲਾਸ਼।

ਰਿਸ਼ਤਿਆਂ 'ਚੋਂ ਖੰਭ ਲਾ ਕੇ ਉਡ ਗਈ ਜੋ ਦੇਰ ਤੋਂ,
ਕਿਸ ਤਰ੍ਹਾਂ ਕਰੀਏ ਗੁਆ ਚੁੱਕੇ ਵਿਸਾਹਾਂ ਦੀ ਤਲਾਸ਼।

ਮੈਂ ਤਾਂ ਤੇਰਾ ਆਪਣਾ ਹਾਂ, ਇਸ ਤਰ੍ਹਾਂ ਕਿਉਂ ਦੇਖਦੈਂ,
ਜਿਸ ਤਰ੍ਹਾਂ ਹੁੰਦੀ ਮੁਕੱਦਮੇ ਵਿਚ ਗਵਾਹਾਂ ਦੀ ਤਲਾਸ਼।

ਜੇ ਤੁਹਾਨੂੰ ਮਿਲਣ ਕਿਧਰੇ ਦੱਸਣਾ ਸਾਨੂੰ ਜ਼ਰੂਰ,
ਦੋਸਤੋ ਇਨਸਾਨੀਅਤ ਦੇ ਸ਼ੇਰ-ਖਾਹਾਂ ਦੀ ਤਲਾਸ਼।

ਪੈਰ ਚੱਕਰ ਹੈ ਇਨ੍ਹਾਂ ਦੇ ਇਕ ਜਗ੍ਹਾ ਟਿਕਦੇ ਨਹੀਂ,
ਮੇਰਿਆਂ ਪੈਰਾਂ ਨੂੰ ਤਾਂ ਰਹਿੰਦੀ ਹੈ, ਰਾਹਾਂ ਦੀ ਤਲਾਸ਼।

ਟੱਪਿਆ ਅੱਧੀ ਸਦੀ ਤੋਂ ਜਿਸਮ ਜੇਕਰ ਕੀ ਕਰਾਂ,
ਦਿਲ ਨੂੰ ਹੈ ਅੱਲੜ੍ਹਪੁਣੇ ਦੇ ਉਹ ਗੁਨਾਹਾਂ ਦੀ ਤਲਾਸ਼।

ਆਦਮੀ ਕਾਫ਼ਰ ਖਰ੍ਹੇ ਕੀ ਖੋਜਦੈ ਇਸ ਤੋਂ ਪਰੇ,
ਹੋ ਰਹੀ ਹੈ ਸੂਰਜੀ ਮੰਡੀ ਤੋਂ 'ਗਾਹਾਂ ਦੀ ਤਲਾਸ਼।

ਜਦ ਕਦੇ ਵੀ ਥੱਕ ਕੇ ਮੁੜਦਾ ਹਾਂ ਅਪਣੇ ਕੰਮ ਤੋਂ,
ਕਰਨ ਲੱਗਦਾ ਤੇਰੀਆਂ ਮੈਂ ਨਰਮ ਬਾਹਾਂ ਦੀ ਤਲਾਸ਼।

ਸੋਚ ਆਪੋ ਆਪਣੀ, ਹਰ ਇਕ ਦੀ ਅਪਣੀ ਪਸੰਦ,
ਇੱਕ ਨੂੰ ਅੱਗੇ ਦੀ ਦੂਜੇ ਨੂੰ ਪਿਛਾਹਾਂ ਦੀ ਤਲਾਸ਼।

ਹੱਥ ਪਹੁੰਚੇ ਕ੍ਰਿਸ਼ਨ ਜਿੱਥੇ ਕੱਦ ਹੈ ਓਨਾ ਤਿਰਾ,
ਆਪਣੇ ਪੱਧਰ ਤੋਂ ਕਰ ਨਾ ਤੂੰ ਉਤਾਹਾਂ ਦੀ ਤਲਾਸ਼।

♦

❐

ਇਨ੍ਹਾਂ ਸ਼ਬਦਾਂ 'ਚ ਜਾਦੂ, ਕੀਲਿਆ ਸੰਸਾਰ ਸ਼ਬਦਾਂ ਨੇ।
ਕਿ ਸਾਰਾ ਮੋਹ ਲਿਆ ਸੰਸਾਰ, ਟੂਣੇਹਾਰ ਸ਼ਬਦਾਂ ਨੇ।

ਬਣਾਇਆ ਜਾਨਵਰ ਤੋਂ ਆਦਮੀ, ਸਰਦਾਰ ਖ਼ਲਕਤ ਦਾ,
ਬੜਾ ਇਨਸਾਨ 'ਤੇ ਕੀਤਾ ਹੈ ਪਰਉਪਕਾਰ ਸ਼ਬਦਾਂ ਨੇ।

ਇਹ ਸ਼ਬਦਾਂ ਦਾ ਅਸਰ ਹੁੰਦੈ, ਇਹ ਰਸ ਹੁੰਦਾ ਹੈ ਬੋਲਾਂ ਦਾ,
ਕਿਸੇ ਨੂੰ ਡੋਬ ਦਿੱਤਾ ਹੈ, ਕਿਸੇ ਨੂੰ ਤਾਰ ਸ਼ਬਦਾਂ ਨੇ।

ਗੁਰਾਂ ਨੇ ਭੇਜਿਆ ਲਿਖ ਕੇ ਜ਼ਫ਼ਰਨਾਮਾ ਔਰੰਗੇ ਨੂੰ,
ਤੇ ਆਖ਼ਰ ਭੰਨ ਸੁੱਟੀ ਜ਼ੁਲਮ ਦੀ ਤਲਵਾਰ ਸ਼ਬਦਾਂ ਨੇ।

ਨ ਹਥਿਆਰਾਂ ਦੇ ਸਿਰ 'ਤੇ ਹੀ ਕਿਸੇ ਮਸਲੇ ਦਾ ਹੱਲ ਹੋਇਆ,
ਕਿ ਸੁਲਝਾਇਆ ਹਰਿਕ ਮਸਲਾ ਤਾਂ ਆਖ਼ਰਕਾਰ ਸ਼ਬਦਾਂ ਨੇ।

ਨ ਅਸਲੀਅਤ ਪਤਾ ਲੱਗੇ, ਨ ਸਖ਼ਸ਼ੀਅਤ ਪਤਾ ਲੱਗੇ,
ਮੁਲੰਮਾ ਚਾੜ੍ਹਿਆ ਜਿਸ 'ਤੇ, ਮੁਲੰਮੇਦਾਰ ਸ਼ਬਦਾਂ ਨੇ।

ਫ਼ਿਜ਼ਾ ਕੀਤੀ ਹੈ ਜ਼ਹਿਰੀ ਵਿਸ਼ ਭਰੇ ਬੋਲਾਂ ਨੇ ਅਕਸਰ ਹੀ,
ਖਿਖੇਰੀ ਪੌਣ ਵਿਚ ਖ਼ੁਸ਼ਬੂ ਹੈ ਖ਼ੁਸ਼ਬੂਦਾਰ ਸ਼ਬਦਾਂ ਨੇ।

ਗੁਰੂ ਹੈ ਸ਼ਬਦ ਹੀ ਸਭਨਾਂ ਮਨੁੱਖੀ ਭਾਵਨਾਵਾਂ ਦਾ,
ਸਿਖਾਇਆ ਹੈ ਕਰੀਦੇ ਕਿਸ ਤਰ੍ਹਾਂ ਇਜ਼ਹਾਰ ਸ਼ਬਦਾਂ ਨੇ।

ਰਚਾ ਸ਼ਬਦਾਂ ਦੀ ਲੀਲਾ ਕ੍ਰਿਸ਼ਨ ਰੱਖ ਲੈ ਨਾਅ ਦੀ ਲੱਜਾ
ਇਨ੍ਹਾਂ ਸ਼ਬਦਾਂ 'ਚ ਜਾਦੂ, ਕੀਲਿਆ ਸੰਸਾਰ ਸ਼ਬਦਾਂ ਨੇ।

♦

❑

ਘਰਾਂ ਵਾਲੇ ਨਹੀਂ ਹਾਂ ਹੁਣ, ਕਿਰਾਏਦਾਰ ਹਾਂ ਯਾਰੋ।
ਨ ਸਰਦਾਰੀ ਰਹੀ ਬਸ ਨਾਮ ਦੇ ਸਰਦਾਰ ਹਾਂ ਯਾਰੋ।

ਜੇ ਕਹੀਏ ਕਹਿਣ ਨੂੰ ਤਾਂ ਸੱਤ ਸਮੁੰਦਰ ਪਾਰ ਹਾਂ ਯਾਰੋ,
ਹਕੀਕਤ ਵਿਚ ਫਸੇ ਹੋਏ ਭੰਵਰ ਵਿਚਕਾਰ ਹਾਂ ਯਾਰੋ।

ਭਲਾ ਸਰਪੰਚ, ਲੰਬੜਦਾਰ, ਪਤਵੰਤੇ ਰਹੇ ਕਿੱਥੇ,
ਅਸਾਂ ਪਾਇਆ ਨਵਾਂ ਰੁਤਬਾ, ਦਿਹਾੜੀਦਾਰ ਹਾਂ ਯਾਰੋ।

ਵਿਦੇਸ਼ੀ ਬਸਤਰਾਂ ਦੇ ਨਾਲ ਤਨ ਭਾਵੇਂ ਢਕੇ ਹੋਏ,
ਜੇ ਦਿਲ ਦੀ ਪੁੱਛਦੇ ਓ ਅੰਦਰੋਂ ਲੰਗਾਰ ਹਾਂ ਯਾਰੋ।

ਹਰਿਕ ਦੀਆਂ ਅਪਣੀਆਂ ਲੋੜਾਂ, ਹਰਿਕ ਦੀ ਆਪਣੀ ਮਰਜ਼ੀ,
ਇਕੱਠਿਆਂ ਰਹਿੰਦਿਆਂ ਵੀ ਬਿਖਰਦੇ ਪਰਿਵਾਰ ਹਾਂ ਯਾਰੋ।

ਇਹ ਘਰ, ਕਾਰਾਂ ਜਾਂ ਕਾਰੋਬਾਰ ਤਾਂ ਬੈਂਕਾਂ 'ਚ ਗਿਰਵੀ ਨੇ,
ਜੇ ਦੇਖੇ ਦੂਰ ਤੋਂ ਕੋਈ ਤਾਂ ਸ਼ਾਹੂਕਾਰ ਹਾਂ ਯਾਰੋ।

ਪਿਛਾਂਹ ਵੀ ਮੁੜਨ ਜੋਗੇ ਨਾ, ਅਗੇਰੇ ਵੀ ਨ ਚੱਲ ਹੋਵੇ,
ਅਸੀਂ ਤਾਂ ਹਰ ਦ੍ਰਿਸ਼ਟੀਕੋਣ ਤੋਂ ਲਾਚਾਰ ਹਾਂ ਯਾਰੋ।

ਬੜੀ ਹੀ ਟੌਹਰ ਸੀ ਲੋਕਾਂ 'ਚ ਅਪਣਾ ਹੁਕਮ ਚਲਦਾ ਸੀ,
ਕਨੇਡਾ ਦੀ ਬਦੌਲਤ ਹੁਣ ਤਾਂ ਚੌਕੀਦਾਰ ਹਾਂ ਯਾਰੋ।

ਨਹੀਂ ਹੁਣ ਵਿਹਲ ਭੋਰਾ ਕ੍ਰਿਸ਼ਨ ਸੋਚਣ ਦੀ, ਵਿਚਾਰਨ ਦੀ,
ਅਸੀਂ ਸੱਤਰੇ ਬਹੱਤਰੇ ਵੀ ਤਾਂ ਬਾ-ਰੁਜ਼ਗਾਰ ਹਾਂ ਯਾਰੋ।

♦

❑

ਫੜੇ ਨਾ ਜਾਣ ਮੈਥੋਂ ਲੱਖ ਚਾਹਾਂ ਜ਼ਿੰਦਗੀ ਦੇ ਪਲ।
ਦਿਨੋ ਦਿਨ ਜਾ ਰਹੇ ਕਿਰਦੇ ਜਵਾਨੀ ਰਾਂਗਲੀ ਦੇ ਪਲ।

ਨਸ਼ਾ ਲੋਹੜੇ ਦਾ ਚੜ੍ਹਿਆ ਆਪਣੇ ਹੀ ਰੂਪ ਦਾ ਤੈਨੂੰ,
ਮੈਂ ਖ਼ੁਦ ਮਾਣੇ ਤਿਰੀ ਉਸ ਖ਼ੂਬਸੂਰਤ ਬੇ-ਖ਼ੁਦੀ ਦੇ ਪਲ।

ਬੁਝੇ ਦਿਲ ਨੂੰ ਤੂੰ ਰੁਸ਼ਨਾ ਦੇ, ਮਿਰੀ ਆਸ਼ਾ ਕਿਰਨ ਬਣ ਕੇ,
ਤਿਰੇ ਨੈਣਾਂ 'ਚ ਮੈਂ ਤੱਕਾਂ ਗੁਆਚੀ ਰੌਸ਼ਨੀ ਦੇ ਪਲ।

ਤਿਰਾ ਸਰਘੀ ਜਿਹਾ ਮੁਖ ਉਕਰਿਆ ਮਨ ਦੀ ਸਲੇਟ ਉੱਤੇ,
ਮੈਂ ਪਲਕੀ ਸਾਂਭ ਰੱਖੇ ਨੇ ਉਹ ਪਹਿਲੀ ਤੱਕਣੀ ਦੇ ਪਲ।

ਮੈਂ ਅਪਣੀ ਜ਼ਿੰਦਗੀ ਦਾ ਕਰਨ ਬਹਿਨਾਂ ਜਦ ਕਦੀ ਲੇਖਾ,
ਮਸਾਂ ਹੀ ਪੋਟਿਆਂ 'ਤੇ ਗਿਣਨਯੋਗ ਹਨ, ਖ਼ੁਸ਼ੀ ਦੇ ਪਲ।

ਮੈਂ ਅਪਣੇ ਆਪ ਨੂੰ ਤਾਂ ਭੁੱਲ ਸਕਦਾ ਹਾਂ ਕਦੀ ਐਪਰ,
ਭੁਲਾਏ ਜਾਣਗੇ ਮੈਥੋਂ ਨ ਤੇਰੀ ਦੋਸਤੀ ਦੇ ਪਲ।

ਤੁਸੀਂ ਜੇ ਮਾਣ ਸਕਦੇ ਹੋ ਇਨ੍ਹਾਂ ਨੂੰ ਰੱਜ ਕੇ ਮਾਣੋਂ,
ਹਮੇਸ਼ਾ ਸਾਥ ਦਿੰਦੇ ਨੇ ਕਿਸੇ ਦਾ, ਕਦ ਖ਼ੁਸ਼ੀ ਦੇ ਪਲ।

ਜੁ ਤਨ ਮਨ 'ਤੇ ਹੰਢਾਏ ਆਪਣੇ ਮੈਂ ਓ ਮਿਰੇ ਰੱਬਾ,
ਕਿਸੇ ਦੀ ਜ਼ਿਦਗੀ ਵਿਚ ਆਉਣ ਨਾ ਉਹ ਬੇਬਸੀ ਦੇ ਪਲ।

ਨਿਰਾਸ਼ਾ 'ਚੋਂ ਮਿਰੀ ਆਸ਼ਾ ਲਿਆਈ ਖਿੱਚ ਕੇ ਮੈਨੂੰ,
ਕਿ ਹੁਣ ਤਾਂ ਕ੍ਰਿਸ਼ਨ ਭੁਲਦੇ ਜਾ ਰਹੇ ਨੇ ਬੇਬਸੀ ਦੇ ਪਲ।

♦

□

ਸਮਾਨਅੰਤਰ ਲਕੀਰਾਂ ਨੂੰ ਮਿਲਾਉਣੇ ਦੀ ਨ ਕੋਸ਼ਿਸ਼ ਕਰ।
ਕਦੇ ਦੋ ਬੇੜੀਆਂ ਵਿਚ ਪੈਰ ਪਾਉਣੇ ਦੀ ਨ ਕੋਸ਼ਿਸ਼ ਕਰ।

ਨਿਗੁਣੀ ਜਾਣ ਕੇ ਮਿੱਟੀ ਤੂੰ ਠੋਕਰ ਮਾਰ ਨਾ ਬੈਠੀਂ,
ਤਿਰੇ ਸਿਰ ਹੀ ਪਵੇਗੀ, ਖੇਹ ਉਡਾਉਣੇ ਦੀ ਨ ਕੋਸ਼ਿਸ਼ ਕਰ।

ਜਿਨ੍ਹਾਂ ਪ੍ਰਸ਼ਨਾਂ ਦੇ ਤੈਨੂੰ ਰੂਬਰੂ ਹੋਣਾ ਹੀ ਪੈਣਾ ਹੈ,
ਉਨ੍ਹਾਂ ਪ੍ਰਸ਼ਨਾਂ ਤੋਂ ਤੂੰ ਆਪਾ ਬਚਾਉਣੇ ਦੀ ਨ ਕੋਸ਼ਿਸ਼ ਕਰ।

ਤਿਰੇ ਘਰ ਨੂੰ ਵੀ ਇਸਦਾ ਸੇਕ ਲੱਗੇਗਾ ਯਕੀਨਨ ਹੀ,
ਗੁਆਂਢੀ ਦੇ ਘਰੇ ਤੂੰ ਅੱਗ ਲਾਉਣੇ ਦੀ ਨ ਕੋਸ਼ਿਸ਼ ਕਰ।

ਹਰਿਕ ਯੁਗ ਆਪਣੇ ਅਨੁਕੂਲ ਕਦਰਾਂ ਕੀਮਤਾਂ ਘੜਦੈਂ,
ਉਲਟ ਇਤਿਹਾਸ ਦਾ ਪਹੀਆ ਘੁਮਾਉਣੇ ਦੀ ਨ ਕੋਸ਼ਿਸ਼ ਕਰ।

ਤੂੰ ਇਸ ਕੋਸ਼ਿਸ਼ 'ਚ ਹਸਤੀ ਆਪਣੀ ਹੀ ਨਾ ਮਿਟਾ ਬੈਠੀਂ,
ਕਿਸੇ ਦੂਜੇ ਦੀ ਤੂੰ ਹਸਤੀ ਮਿਟਾਉਣੇ ਦੀ ਨ ਕੋਸ਼ਿਸ਼ ਕਰ।

ਸਿਤਮ ਕਰਨੇ ਤੋਂ ਵੀ ਵੱਡਾ ਗੁਨਾਹ ਹੁੰਦੈ ਸਿਤਮ ਸਹਿਣਾ,
ਤੂੰ ਇਨ੍ਹਾਂ ਜ਼ਾਲਿਮਾਂ ਨੂੰ ਸਿਰ ਚੜ੍ਹਾਉਣੇ ਦੀ ਨ ਕੋਸ਼ਿਸ਼ ਕਰ।

ਕਿਸੇ ਦਾ ਦਰਦ ਹਰ ਕੋਈ ਨਹੀਂ ਮਹਿਸੂਸ ਕਰ ਸਕਦਾ,
ਤੂੰ ਦਿਲ ਦਾ ਦਰਦ ਹਰ ਇਕ ਨੂੰ, ਸੁਣਾਉਣੇ ਦੀ ਨ ਕੋਸ਼ਿਸ਼ ਕਰ।

ਜ਼ਰੂਰੀ ਤਾਂ ਨਹੀਂ ਹੈ ਤੂੰ ਇਕੱਲਾ ਹੀ ਸਹੀ ਹੋਵੇਂ,
ਕਦੇ ਵੀ ਕ੍ਰਿਸ਼ਨ ਜ਼ਿੱਦ ਅਪਣੀ ਪੁਗਾਉਣੇ ਦੀ ਨ ਕੋਸ਼ਿਸ਼ ਕਰ।

♦

❐

ਕਹੇਂ ਤਾਂ ਵਕਤ ਠੱਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ,
ਮੈਂ ਹੋਣੀ ਵੀ ਬਦਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ।

ਕੁਈ ਸੁਕਰਾਤ ਜਾਂ ਸ਼ਿਵ ਤਾਂ ਨਹੀਂ, ਫਿਰ ਵੀ ਜ਼ਮਾਨੇ ਦੀ,
ਮੈਂ ਸਾਰੀ ਵਿਸ਼ ਨਿਗਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ।

ਅਨੇਕਾਂ ਠੋਕਰਾਂ ਖਾ ਖਾ, ਮਿਰਾ ਮਨ ਹੋ ਗਿਆ ਪੱਥਰ,
ਤਿਰੇ ਛੋਹਿਆਂ ਪਿਘਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ।

ਕਦੇ ਰਸਤਾ ਮਿਰਾ ਕੋਈ ਰੁਕਾਵਟ ਰੋਕ ਨਾ ਸਕਦੀ,
ਮੈਂ ਸਿਰ ਦੇ ਭਾਰ ਚੱਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ।

ਤੁਲੇ ਹਾਲਾਤ ਮੇਰਾ ਆਲ੍ਹਣਾ ਬਰਬਾਦ ਕਰਨੇ ਤੇ,
ਤਿਰੀ ਸਹੁੰ ਮੈਂ ਸੰਭਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ।

ਅੜੇ ਕੀਕਣ ਭਲਾ ਮੁਸ਼ਕਲ, ਤਿਰੇ ਰਾਹ ਵਿਚ ਮਿਰੇ ਹੁੰਦਿਆਂ,
ਮੈਂ ਹਰ ਮੁਸ਼ਕਲ ਕੁਚਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ।

ਜ਼ਮਾਨਾ ਸੌ ਸਿਤਮ ਢਾਹੇ ਮਿਰੇ 'ਤੇ, ਮੈਂ ਤਿਰੀ ਖ਼ਾਤਰ,
ਖਿੜੇ ਮੱਥੇ ਉਹ ਝੱਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ।

ਮਿਰੀ ਕਾਇਆ ਨੂੰ ਕੋਈ ਰੂਪ ਦੇ ਸਕਦੈਂ ਤੂੰ ਮਨ ਭਾਉਂਦਾ,
ਤਿਰੇ ਅਨੁਸਾਰ ਢਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ।

ਚਿਰਾਂ ਤੋਂ ਕ੍ਰਿਸ਼ਨ ਮਨ ਮੇਰਾ ਮੁਹੱਬਤ ਦੀ ਚਿਣਗ ਭਾਲੇ,
ਮੈਂ ਸੂਰਜ ਵਾਂਗ ਬਲ ਸਕਦਾਂ, ਜੇ ਮੇਰਾ ਸਾਥ ਤੂੰ ਦੇਵੇਂ।

♦

□

ਹੌਸਲੇ ਨੂੰ ਸਾਣ੍ਹ ਉੱਤੇ ਲਾਉਣ ਦੇਹ।
ਮੁਸ਼ਕਲਾਂ ਦੇ ਨਾਲ ਤੂੰ ਟਕਰਾਉਣ ਦੇਹ।

ਇਹ ਕਿਸੇ ਦਿਨ ਹੋਣਗੇ ਸਾਕਾਰ ਵੀ,
ਅੱਖੀਆਂ ਵਿਚ ਖ਼ਾਬ ਤਾਂ ਲਹਿਰਾਉਣ ਦੇਹ।

ਪੁੱਜਣੈ ਮੰਜ਼ਿਲ 'ਤੇ ਹਰ ਹੀਲੇ ਅਸੀਂ,
ਲੱਖ ਵਾਰੀ ਕੋਸ਼ਿਸ਼ਾਂ ਦੁਹਰਾਉਣ ਦੇਹ।

ਇਸ ਕਲੀ ਨੂੰ ਕੁੱਖ ਵਿਚ ਨਾ ਮਾਰ ਮਾਂ,
ਆਉਣ ਦੇਹ ਇਸਨੂੰ ਤੂੰ ਘਰ ਮਹਿਕਾਉਣ ਦੇਹ।

ਤੇਰਾ ਕੀ ਜਾਂਦੈ ਕੁਈ ਬਣਦੈ ਮਹਾਨ,
ਆਪਣੀ ਹਉਮੈ ਨੂੰ ਪੱਠੇ ਪਾਉਣ ਦੇਹ।

ਰਿਸ਼ਤਿਆਂ ਦੀ ਪੋਲ ਵੀ ਖੁਲ੍ਹ ਜਾਏਗੀ,
ਰਿਸ਼ਤਿਆਂ ਦੇ ਹਿਤ ਜ਼ਰਾ ਟਕਰਾਉਣ ਦੇਹ।

ਇਹ ਸਿਆਸਤਦਾਨ ਸੁਲਝਾਉਂਦੇ ਕਦੋਂ,
ਨਾ ਇਨ੍ਹਾਂ ਨੂੰ ਮਾਮਲੇ ਉਲਝਾਉਣ ਦੇਹ।

ਫਿਰ ਤਾਂ ਕਾਕਾ ਜੀ ਹਕੂਮਤ ਆਪਣੀ,
ਚਾਰ ਦਿਨ ਜੰਤਾ ਨੂੰ ਬਸ ਭਰਮਾਉਣ ਦੇਹ।

ਕ੍ਰਿਸ਼ਨ ਗ਼ਮ ਨਾ ਕਰ ਤਿਰਾ ਦਿਲ ਤੋੜ ਕੇ,
ਜੇ ਉਹ ਪਰਚਾਉਂਦੇ ਨੇ ਦਿਲ ਪਰਚਾਉਣ ਦੇਹ।

♦

❐

ਰਿਸ਼ਤਾ ਬੜਾ ਕਰੀਬ ਦਾ, ਦਿਲ ਤੇ ਦਿਮਾਗ਼ ਦਾ।
ਮੀਲਾਂ ਦਾ ਫਿਰ ਵੀ ਫ਼ਾਸਲਾ, ਦਿਲ ਤੇ ਦਿਮਾਗ਼ ਦਾ।

ਇਕ ਮਨਚਲਾ ਹੈ, ਦੂਸਰਾ ਹੈ ਜ਼ਾਬਤਾ ਪਸੰਦ,
ਬਿਲਕੁਲ ਸੁਭਾਅ ਹੈ ਵੱਖਰਾ, ਦਿਲ ਤੇ ਦਿਮਾਗ਼ ਦਾ।

ਇਉਂ ਜਾਨਵਰ ਤੋਂ ਸਿਰਜਣਾ ਹੋਈ ਮਨੁੱਖ ਦੀ,
ਜਦ ਤਾਲਮੇਲ ਹੋ ਗਿਆ, ਦਿਲ ਤੇ ਦਿਮਾਗ਼ ਦਾ।

ਕਿਹੜੀ ਘੜੀ ਪਤਾ ਨਹੀਂ ਆਪਸ 'ਚ ਉਲਝ ਪੈਣ,
ਰਹਿੰਦਾ ਹਮੇਸ਼ਾ ਤੌਖਲਾ, ਦਿਲ ਤੇ ਦਿਮਾਗ਼ ਦਾ।

ਫਿਰ ਜੋਸ਼ ਨਾਲ ਹੋਸ਼ ਵੀ ਰਹਿੰਦੀ ਹੈ ਹਰ ਕਦਮ,
ਬਣਿਆ ਰਹੇ ਜੇ ਰਾਬਤਾ, ਦਿਲ ਤੇ ਦਿਮਾਗ਼ ਦਾ।

ਦਿਲ ਜਿੱਤਦਾ ਹੈ ਤੇ ਕਦੇ ਹੈ ਜਿੱਤਦਾ ਦਿਮਾਗ਼,
ਹੁੰਦਾ ਰਹੇ ਮੁਕਾਬਲਾ, ਦਿਲ ਤੇ ਦਿਮਾਗ ਦਾ।

ਨ ਦਿਲ ਬਗ਼ੈਰ ਆਦਮੀ ਨਾ ਹੀ ਦਿਮਾਗ਼ ਬਿਨ,
ਇਹ ਜ਼ਿੰਦਗੀ ਦਾ ਸਿਲਸਿਲਾ, ਦਿਲ ਤੇ ਦਿਮਾਗ਼ ਦਾ।

ਮਿਲ ਜਾਣ ਦਿਲ ਦਿਮਾਗ਼ ਤਾਂ ਹੁੰਦੀ ਹੈ ਕਰਾਮਾਤ,
ਕੌਤਕ ਕਲਾ ਦੀ ਸਿਰਜਣਾ, ਦਿਲ ਤੇ ਦਿਮਾਗ਼ ਦਾ।

ਕਰਨੀ ਨਹੀਂ ਹੈ ਸਾਲਸੀ ਮਿਲ ਕੇ ਨਜਿੱਠ ਲੈਣ,
ਆਪਸ 'ਚ ਕ੍ਰਿਸ਼ਨ ਮਾਮਲਾ ਦਿਲ ਤੇ ਦਿਮਾਗ਼ ਦਾ।

♦

❒

ਨਿਰੰਤਰ ਉਗਲਦੇ ਜਜ਼ਬਾਤ ਨੇ ਸ਼ਾਇਰ ਬਣਾ ਦਿੱਤਾ।
ਮੈਂ ਔਗੁਣਹਾਰ ਨੂੰ ਹਾਲਾਤ ਨੇ ਸ਼ਾਇਰ ਬਣਾ ਦਿੱਤਾ।

ਮੈਂ ਦਿਲ ਦੀ ਆਖਣਾ ਚਾਹੁੰਦਾ ਸਾਂ ਜਿਸਨੂੰ, ਆਖ ਨਾ ਸਕਿਆ,
ਕਿ ਆਖ਼ਰ ਅਣਕਹੀ ਉਸ ਬਾਤ ਨੇ, ਸ਼ਾਇਰ ਬਣਾ ਦਿੱਤਾ।

ਹਰਿਕ ਦੀ ਆਪਣੀ ਔਕਾਤ ਹੈ, ਕੁਝ ਕਰ ਗੁਜ਼ਰਨੇ ਦੀ,
ਤੇ ਮੇਰੀ ਆਪਣੀ ਔਕਾਤ ਨੇ ਸ਼ਾਇਰ ਬਣਾ ਦਿੱਤਾ।

ਨਹੀਂ ਮੈਂ ਜਾਣਦਾ ਕੀ ਇੰਤਹਾ ਹੁੰਦੀ ਮੁਹੱਬਤ ਦੀ,
ਤਿਰੇ ਬਿਰਹਾ ਦੀ ਇੱਕੋ ਰਾਤ ਨੇ ਸ਼ਾਇਰ ਬਣਾ ਦਿੱਤਾ।

ਮੈਂ ਜਿੱਧਰ ਵੀ ਨਜ਼ਰ ਮਾਰਾਂ, ਸੁਹੱਪਣ ਬਿਖਰਿਆ ਹੋਇਐ,
ਸੁਹੱਪਣ ਵੰਡਦੀ ਕਾਇਨਾਤ ਨੇ ਸ਼ਾਇਰ ਬਣਾ ਦਿੱਤਾ।

ਬੜਾ ਦਿਲਕਸ਼, ਬੜਾ ਰੰਗੀਨ ਹੈ ਬਰਸਾਤ ਦਾ ਮੌਸਮ,
ਤੇ ਨੈਣੋਂ ਬਰਸਦੀ ਬਰਸਾਤ ਨੇ ਸ਼ਾਇਰ ਬਣਾ ਦਿੱਤਾ।

ਚਲੇ ਆਉਂਦੇ ਨੇ ਮਨ ਦੇ ਬਿਰਖ਼ 'ਤੇ ਡਾਰਾਂ ਦੀਆਂ ਡਾਰਾਂ,
ਖ਼ਬਰ ਹੋਈ ਨ ਕਦ ਖ਼ਿਆਲਾਤ ਨੇ ਸ਼ਾਇਰ ਬਣਾ ਦਿੱਤਾ।

ਮਿਲੇ ਨੇ ਕ੍ਰਿਸ਼ਨ ਗ਼ਮ ਸੈਆਂ, ਅਨੇਕਾਂ ਤਲਖ਼ੀਆਂ ਮਿਲੀਆਂ,
ਤੇ ਇਸ ਨਾਚੀਜ਼ ਨੂੰ ਹਾਲਾਤ ਨੇ ਸ਼ਾਇਰ ਬਣਾ ਦਿੱਤਾ।

♦

❐

ਜੁ ਪਲ ਪਲ ਜਾ ਰਹੇ ਮਰਦੇ, ਉਨ੍ਹਾਂ ਚਾਵਾਂ ਦਾ ਕੀ ਕਰੀਏ।
ਹਮੇਸ਼ਾ ਰਹਿਣ ਅੱਲੇ, ਦਿਲ ਦਿਆਂ ਘਾਵਾਂ ਦਾ ਕੀ ਕਰੀਏ।

ਲਗਾਏ ਆਪਣੇ ਹੱਥੀਂ, ਪਰਾਏ ਹੋ ਗਏ ਜਿਹੜੇ,
ਉਨ੍ਹਾਂ ਬਿਰਖਾਂ ਦਾ ਕੀ ਕਰੀਏ, ਉਨ੍ਹਾਂ ਛਾਵਾਂ ਦਾ ਕੀ ਕਰੀਏ।

ਸਮਾਂ ਉਨ੍ਹਾਂ ਪਲਾਂ ਉੱਤੇ ਹੀ ਜੀਵਣ, ਰੁਕ ਗਿਆ ਲਗਦੈ,
ਭੁਲਾਈਆਂ ਜਾ ਸਕਣ ਪਲ ਭਰ ਨ ਘਟਨਾਵਾਂ ਦਾ ਕੀ ਕਰੀਏ।

ਕਿਤੇ ਨਾ ਪਹੁੰਚਦੇ ਜਿਹੜੇ, ਉਨ੍ਹਾਂ ਨੂੰ ਛੱਡਣਾ ਬਿਹਤਰ,
ਜਿਨ੍ਹਾਂ ਰਾਹਵਾਂ 'ਤੇ ਨ ਮੰਜ਼ਿਲ ਮਿਲੇ ਰਾਹਵਾਂ ਦਾ ਕੀ ਕਰੀਏ।

ਅਨੇਕਾਂ ਤਲਖ਼ੀਆਂ ਤਾਂ ਧੜਕਣਾਂ ਦੇ ਨਾਲ ਹੀ ਮਿਲੀਆਂ,
ਮਿਲੇ ਨਾ ਚੈਨ ਪਲ ਭਰ ਸੁਲਘਦੇ ਸਾਹਵਾਂ ਦਾ ਕੀ ਕਰੀਏ।

ਬਿਨਾਂ ਇਸ ਤੋਂ ਇਨ੍ਹਾਂ ਦਾ ਹੋਰ ਤਾਂ ਚਾਰਾ ਨਹੀਂ ਕੋਈ,
ਹਟਾਈਏ ਜੇ ਨ ਰਸਤੇ 'ਚੋਂ ਤਾਂ ਬਿਪਤਾਵਾਂ ਦਾ ਕੀ ਕਰੀਏ।

ਇਨ੍ਹਾਂ ਨੂੰ ਮਾਰੀਏ ਕੀਕਣ, ਇਹ ਜਿਊਂਦੇ ਜੀਅ ਦੀਆਂ ਜ਼ਾਮਨ,
ਇਨ੍ਹਾਂ ਸਧਰਾਂ ਦਾ ਕੀ ਕਰੀਏ ਕਿ ਆਸ਼ਾਵਾਂ ਦਾ ਕੀ ਕਰੀਏ।

ਜੇ ਕੋਈ ਸੇਧ ਹੀ ਨਾ ਜ਼ਿੰਦਗੀ ਨੂੰ ਦੇਣ ਦੇ ਕਾਬਿਲ,
ਉਹ ਕਲਮਾਂ ਵਾਲਿਓ ਬੇਅਰਥ ਰਚਨਾਵਾਂ ਦਾ ਕੀ ਕਰੀਏ।

ਬੜੇ ਮੂੰਹ-ਜ਼ੋਰ ਹੁੰਦੇ ਨੇ ਇਨ੍ਹਾਂ ਨੂੰ ਰੋਕਣਾ ਮੁਸ਼ਕਲ,
ਇਹ ਦਿਲ ਹੁੰਦੇ ਨੇ ਦਰਿਆ ਕ੍ਰਿਸ਼ਨ ਦਰਿਆਵਾਂ ਦਾ ਕੀ ਕਰੀਏ।

♦

❐

ਇਹ ਵਾਪਰਦਾ ਹੈ ਬੇ-ਕਾਬੂ ਇੱਛਾਵਾਂ ਦੀ ਵਜ੍ਹਾ ਕਰਕੇ।
ਅਸੀਂ ਸਹਿੰਦੇ ਹਾਂ ਜੋ ਕੁਝ ਵੀ, ਤਣਾਵਾਂ ਦੀ ਵਜ੍ਹਾ ਕਰਕੇ।

ਬਹਾਰਾਂ ਦਾ ਸੁਨੇਹਾ ਲੈ ਕੇ ਆਈਆਂ ਨੇ ਸਗੋਂ ਇਹ ਤਾਂ,
ਨਿਰਾਸੇ ਕਿਉਂ ਭਲਾ ਰਹੀਏ, ਖ਼ਿਜ਼ਾਵਾਂ ਦੀ ਵਜ੍ਹਾ ਕਰਕੇ।

ਜਗੀਰਾਂ ਤਾਂ ਨਹੀਂ ਰਹੀਆਂ, ਜਗੀਰੂ ਸੋਚ ਨਾ ਬਦਲੀ,
ਜ਼ਮੀਨਾਂ ਨਾਲ ਥੋੜੀ ਕੁਝ ਘੁਮਾਵਾਂ ਦੀ ਵਜ੍ਹਾ ਕਰਕੇ।

ਇਹ ਜਜ਼ਬੇ, ਸ਼ੌਂਕ, ਚਾਅ, ਖ਼ੁਸ਼ੀਆਂ, ਉਮੀਦਾਂ, ਖ਼ਾਬ, ਆਸ਼ਾਵਾਂ,
ਇਹ ਜੀਵਨ ਖ਼ੂਬਸੂਰਤ, ਭਾਵਨਾਵਾਂ ਦੀ ਵਜ੍ਹਾ ਕਰਕੇ।

ਮਨਾਂ ਵਿਚ ਪੈਣ ਜਦ ਪਾੜੇ, ਦਰਾੜਾਂ ਪੈਣ ਘਰ ਦੇ ਵਿਚ,
ਉਜੜਦੀ ਹੈ ਸਦਾ ਲੰਕਾ, ਭਰਾਵਾਂ ਦੀ ਵਜ੍ਹਾ ਕਰਕੇ।

ਅਸੀਂ ਪਰਖੇ ਬਿਨਾਂ ਸੌਂਪੀ ਹੈ ਬੇੜੀ ਬੇਈਮਾਨਾਂ ਨੂੰ,
ਤੇ ਸਾਡੀ ਕੌਮ ਡੁੱਬੀ ਨਾਖ਼ੁਦਾਵਾਂ ਦੀ ਵਜ੍ਹਾ ਕਰਕੇ।

ਨ ਬਚੀਏ ਮੁਸ਼ਕਲਾਂ ਤੋਂ, ਮੁਸ਼ਕਲਾਂ ਦਾ ਸਾਹਮਣਾ ਕਰੀਏ,
ਕਦੇ ਨਾ ਮੁਸ਼ਕਲਾਂ ਟਲੀਆਂ, ਬਚਾਵਾਂ ਦੀ ਵਜ੍ਹਾ ਕਰਕੇ।

ਸੱਚਾਈ ਪਰਖਣੀ ਕਿੰਤੂ ਪ੍ਰੰਤੂ ਵੀ ਜ਼ਰੂਰੀ ਹੈ,
ਨਹੀਂ ਤਾਂ ਕੂੜ ਪਸਰੇ ਆਸਥਾਵਾਂ ਦੀ ਵਜ੍ਹਾ ਕਰਕੇ।

ਤਿਰੀ ਔਕਾਤ ਕਿੱਥੇ ਕ੍ਰਿਸ਼ਨ ਤੇ ਕਿੱਥੇ ਗ਼ਜ਼ਲਗੋਈ,
ਕਹੀ ਜਾਂਦੀ ਗ਼ਜ਼ਲ ਕੋਈ, ਦੁਆਵਾਂ ਦੀ ਵਜ੍ਹਾ ਕਰਕੇ।

❐

ਕਦੇ ਨਾ ਡੋਲਿਆ ਜਦ ਜਦ ਵੀ ਆਇਆ ਦੌਰ ਗਰਦਿਸ਼ ਦਾ।
ਤਿਰੇ ਸਦਕੇ ਮਨਾ ਹਰ ਇਕ ਹੰਢਾਇਆ ਦੌਰ ਗਰਦਿਸ਼ ਦਾ।

ਕਿਸੇ ਤੋਂ ਕਦ ਭਲਾ ਕੋਈ, ਮੁਸੀਬਤ ਪੁੱਛ ਕੇ ਆਉਂਦੀ,
ਕਿਸੇ ਨੇ ਕਦ ਭਲਾ ਖ਼ੁਦ ਹੀ ਬੁਲਾਇਆ ਦੌਰ ਗਰਦਿਸ਼ ਦਾ।

ਕਿਸੇ ਦੇ ਹੱਥ ਕੁਝ ਲੱਗਿਆ, ਕਿਸੇ ਦੇ ਹੱਥ ਕੁਝ ਲੱਗਿਆ,
ਤੇ ਲੈ ਦੇ ਕੇ ਮਿਰੇ ਹਿੱਸੇ 'ਚ ਆਇਆ, ਦੌਰ ਗਰਦਿਸ਼ ਦਾ।

ਨਚਾਇਆ ਹੈ ਜੋ ਪੁਤਲੀ ਵਾਂਗ ਮੈਨੂੰ ਗਰਦਿਸ਼ਾਂ ਹਰ ਪਲ,
ਜਦੋਂ ਦਾਅ ਲੱਗਿਆ ਮੈਂ ਵੀ ਨਚਾਇਆ ਦੌਰ ਗਰਦਿਸ਼ ਦਾ।

ਡਰਾਉਨੈਂ ਮੁਸ਼ਕਲਾਂ ਤੋਂ ਮੈਂ ਜ਼ਮਾਨਾ ਦੇਖਿਆ ਬੀਬਾ,
ਮਿਰੀ ਖ਼ਾਤਰ ਨਹੀਂ ਏਨਾ ਪਰਾਇਆ ਦੌਰ ਗਰਦਿਸ਼ ਦਾ।

ਫੜ੍ਹੋ ਇਸ 'ਤੇ ਵੀ ਪਾ ਲੈਣੀ ਹੈ ਛੇਤੀ ਹੀ ਤੂੰ ਗ਼ਮ ਨਾ ਕਰ,
ਅਜੇ ਥੋੜ੍ਹਾ ਜਿਹਾ ਰਹਿੰਦਾ ਬਕਾਇਆ, ਦੌਰ ਗਰਦਿਸ਼ ਦਾ।

ਮੁਸੀਬਤ ਹੌਸਲੇ ਨੂੰ ਪਰਖਦੀ ਪ੍ਰਚੰਡ ਕਰ ਦਿੰਦੀ,
ਉਹ ਕਾਹਦਾ ਆਦਮੀ ਜਿਸ 'ਤੇ ਨ ਆਇਆ ਦੌਰ ਗਰਦਿਸ਼ ਦਾ।

ਅਸਾਂ ਕਾਬਲ ਦੇ ਜੰਮਿਆਂ ਨੂੰ ਮੁਹਿੰਮਾਂ ਨਿੱਤ ਹੀ ਪਈਆਂ,
ਬੜੀ ਵਾਰੀ ਅਸਾਂ ਨੇ ਆਜ਼ਮਾਇਆ, ਦੌਰ ਗਰਦਿਸ਼ ਦਾ।

ਗ਼ਮਾਂ ਦੇ ਨ੍ਹੇਰ ਗੂੜ੍ਹੇ ਕ੍ਰਿਸ਼ਨ ਪਰ ਇਨ੍ਹਾਂ ਗ਼ਮਾਂ ਵਿੱਚੋਂ,
ਦਿਸੀ ਆਸ਼ਾ ਕਿਰਨ ਜਿਸਨੇ ਮੁਕਾਇਆ ਦੌਰ ਗਰਦਿਸ਼ ਦਾ।

♦

□

ਖ਼ੁਸ਼ੀ 'ਚ ਉਂਝ ਹੀ ਦਿਲ ਨਾ ਉਡਾਰੀਆਂ ਲਾਉਂਦੈ।
ਇਹ ਤੇਰੇ ਮਹਿਕਦੇ ਸਾਹਾਂ 'ਚ ਤਾਰੀਆਂ ਲਾਉਂਦੈ।

ਅਨੇਕ ਵਾਰ ਹੀ ਦਿਲ ਨੇ ਫ਼ਰੇਬ ਖਾਧੇ ਨੇ,
ਅਜੀਬ ਸ਼ੌਕ ਹੈ ਹਾਲੇ ਵੀ ਯਾਰੀਆਂ ਲਾਉਂਦੈ।

ਹਰੇਕ ਪਲ ਹੀ ਤਸੱਵਰ ਸੰਵਾਰਦੈ ਸੁਪਨੇ,
ਇਹ ਤੇਰੇ ਰੂਪ ਨੂੰ ਗੋਟੇ ਕਿਨਾਰੀਆਂ ਲਾਉਂਦੈ।

ਸੰਭਲਣਾ ਆਪ ਹੀ ਪੈਂਦੈ, ਸਮਾਜ ਮਿਤ ਨਾ ਹੁੰਦਾ,
ਸਮੇਂ ਸਮੇਂ 'ਤੇ ਇਹ ਸੱਟਾਂ ਕਰਾਰੀਆਂ ਲਾਉਂਦੈ।

ਖੜ੍ਹੋ ਸਕੇ ਨ ਉਹ ਚਾਨਣ ਦੇ ਰੂਬਰੂ ਪਲ ਵੀ,
ਉਹ ਵੇਖ ਰੌਸ਼ਨੀ ਬੂਹੇ ਤੇ ਬਾਰੀਆਂ ਲਾਉਂਦੈ।

ਪਲੀਤ ਧਰਤ ਨੂੰ ਕਰਦਾ ਹੈ ਆਦਮੀ ਹੱਥੀਂ,
ਤੇ ਰੋਜ਼ ਰੋਜ਼ ਹੀ ਨਵੀਆਂ ਬਿਮਾਰੀਆਂ ਲਾਉਂਦੈ।

ਰਿਆਜ਼ ਕੀ ਪਤਾ ਕਿੰਨੇ ਵਰ੍ਹੇ ਕਰੀ ਉਸਨੇ,
ਗਲੇ 'ਚ ਸੋਜ਼ ਹੈ, ਗਾਉਂਦੈ, ਗਰਾਰੀਆਂ ਲਾਉਂਦੈ।

ਇਹ ਸੇਕ ਓਸਦੇ ਘਰ ਨੂੰ ਕਦੇ ਵੀ ਲੱਗ ਸਕਦੈ,
ਕਦੋਂ ਇਹ ਸੋਚ ਕੇ ਕੋਈ ਚਿੰਗਾਰੀਆਂ ਲਾਉਂਦੈ।

ਅਸਰ ਨ ਉਮਰ ਦਾ ਕੋਈ ਵੀ ਕ੍ਰਿਸ਼ਨ ਦਿਲ ਉੱਤੇ,
ਸਦਾ ਜਵਾਨ ਹੈ ਇਹ ਤਾਂ ਉਡਾਰੀਆਂ ਲਾਉਂਦੈ।

♦

❐

ਤੇਰੇ ਵੱਲੋਂ ਬੋਲੇ ਆਪ ਮੁਹਾਰੇ ਸ਼ਬਦਾਂ ਦਾ।
ਦੇਣ ਕਿਵੇਂ ਮੈਂ ਦੇ ਸਕਦਾ ਹਾਂ ਪਿਆਰੇ ਸ਼ਬਦਾਂ ਦਾ।

ਕਿਹੜੇ ਵੇਲੇ ਆ ਬਹਿੰਦਾ ਹੈ ਮਨ ਦੀ ਡਾਲੀ 'ਤੇ,
ਤਿਤਲੀਆਂ ਵਾਂਗੂੰ ਟੋਲਾ ਆਪ-ਮੁਹਾਰੇ ਸ਼ਬਦਾਂ ਦਾ।

ਮਾਂ ਬੋਲੀ ਪੰਜਾਬੀ ਰੋਜ਼ ਵਿਸਾਰੀ ਜਾਨੇ ਆਂ,
ਵਿਰਸਾ ਭੁੱਲੇ ਗੁਰੂਆਂ ਦੇ ਸਤਿਕਾਰੇ ਸ਼ਬਦਾਂ ਦਾ।

ਧਾਰ ਇਨ੍ਹਾਂ ਦੀ ਤੈਨੂੰ ਵੀ ਤਾਂ ਜ਼ਖ਼ਮੀ ਕਰ ਸਕਦੀ,
ਮਾਹਿਰ ਬਣਿਆ ਫਿਰਦਾਂ ਏਂ ਦੋ-ਧਾਰੇ ਸ਼ਬਦਾਂ ਦਾ।

ਸ਼ਬਦਾਂ ਦਾ ਨਾ ਵਾਰ ਕਦੇ ਵੀ ਖ਼ਾਲੀ ਜਾਂਦਾ ਏ,
ਭੁਗਤੋਗੇ ਖ਼ਮਿਆਜ਼ਾ ਆਪ-ਉਚਾਰੇ ਸ਼ਬਦਾਂ ਦਾ।

ਸ਼ਬਦ-ਗੁਰੂ ਦਾ ਅਰਥ ਨ ਜਾਣੇ ਉਂਝ ਗਿਆਨੀ ਉਹ,
ਮੇਰੇ ਵਰਗਾ ਉਹ ਬਸ ਬੁੱਤਾ ਸਾਰੇ ਸ਼ਬਦਾਂ ਦਾ।

ਉੱਚੇ ਬੋਲ ਨ ਬੋਲੀਂ ਐਨਾ ਮਾਣ ਕਦੋਂ ਚੰਗੈ,
ਟੁਟ ਜਾਂਦਾ ਏ ਮਾਣ ਕਦੇ ਹੰਕਾਰੇ ਸ਼ਬਦਾਂ ਦਾ।

ਪੁੱਛੇ ਕੋਈ ਮੈਥੋਂ ਜੇਕਰ, ਬਹੁਤ ਮਹੱਤਵ ਹੈ,
ਜੀਵਨ ਇਕ ਸੰਘਰਸ਼ ਹੈ, ਇਹਨਾਂ ਚਾਰੇ ਸ਼ਬਦਾਂ ਦਾ।

♦

□

ਕਿਵੇਂ ਦਿਲ ਦੀ ਕਹਾਂ, ਇਜ਼ਹਾਰ ਦਾ ਮੌਕਾ ਨਹੀਂ ਮਿਲਦਾ।
ਮੈਂ ਦਿਲ ਜਿੱਤਾਂ ਮਿਰੀ ਸਰਕਾਰ ਦਾ, ਮੌਕਾ ਨਹੀਂ ਮਿਲਦਾ।

ਉਨ੍ਹਾਂ ਦੇ ਵਾਸਤੇ ਪਰਵਾਸ ਬਣ ਜਾਂਦੀ ਹੈ ਮਜਬੂਰੀ,
ਜਿਨ੍ਹਾਂ ਨੂੰ ਦੇਸ ਵਿਚ ਰੁਜ਼ਗਾਰ ਦਾ, ਮੌਕਾ ਨਹੀਂ ਮਿਲਦਾ।

ਸਿਤਮ ਝੱਲਣ ਤੋਂ ਆਕੀ ਹੋ ਗਏ, ਬਲਹੀਣ ਜਿੱਥੇ ਵੀ,
ਕਿਸੇ ਡਾਢੇ ਨੂੰ ਅੱਤਿਆਚਾਰ ਦਾ, ਮੌਕਾ ਨਹੀਂ ਮਿਲਦਾ।

ਜੇ ਇਕ ਆਵੇ ਘਰੇ ਤਾਂ ਦੂਸਰੇ ਤੁਰ ਜਾਣ ਕੰਮ ਉੱਤੇ,
ਕਦੋਂ ਸੁਖ ਮਾਣੀਏ ਪਰਿਵਾਰ ਦਾ, ਮੌਕਾ ਨਹੀਂ ਮਿਲਦਾ।

ਉਨ੍ਹਾਂ ਦੇ ਵਾਸਤੇ ਤਾਂ ਫ਼ਰਜ਼ ਮਗਰੋਂ ਫ਼ਰਜ਼ ਹੀ ਆਉਂਦੇ,
ਗ਼ਰੀਬਾਂ ਨੂੰ ਕਿਸੇ ਅਧਿਕਾਰ ਦਾ, ਮੌਕਾ ਨਹੀਂ ਮਿਲਦਾ।

ਹਰਿਕ ਸੋਹਣੀ ਦੀ ਹੋਣੀ ਤਾਂ ਅਜੇਹੀ ਰਾਤ ਹੀ ਬਣਦੀ,
ਜਦੋਂ ਉਸ ਨੂੰ ਝਨਾਂ ਤੋਂ ਪਾਰ ਦਾ, ਮੌਕਾ ਨਹੀਂ ਮਿਲਦਾ।

ਮੈਂ ਸੁਣਿਆ ਹੈ ਕਿ ਕਈਆਂ ਨੇ, ਕਦੇ ਕੰਡੇ ਨਹੀਂ ਦੇਖੇ,
ਤੇ ਕਈਆਂ ਨੂੰ ਕਦੇ ਗੁਲਜ਼ਾਰ ਦਾ ਮੌਕਾ ਨਹੀਂ ਮਿਲਦਾ।

ਕਿਵੇਂ ਮਹਿਸੂਸ ਕਰ ਸਕਦੇ ਭਲਾ ਦੁਖ ਸੁਖ ਮੁਹੱਬਤ ਦੇ,
ਜਿਨ੍ਹਾਂ ਨੂੰ ਜ਼ਿੰਦਗੀ ਵਿਚ ਪਿਆਰ ਦਾ, ਮੌਕਾ ਨਹੀਂ ਮਿਲਦਾ।

ਤਿਰੇ ਅਪਣੇ ਵੀ ਕੁਝ ਤਾਂ ਕ੍ਰਿਸ਼ਨ ਏਸੇ ਆਸ ਵਿਚ ਬੈਠੇ,
ਕਰਨ ਉਹ ਕਦ ਤਿਰੇ 'ਤੇ, ਵਾਰ ਦਾ ਮੌਕਾ ਨਹੀਂ ਮਿਲਦਾ।

♦

❐

ਪਰਾਏ ਤਾਂ ਪਰਾਏ ਆਪਣੇ ਵੀ ਸਾਥ ਨਾ ਦਿੰਦੇ।
ਅਸੀਂ ਤਾਂ ਆਜ਼ਮਾਏ ਆਪਣੇ ਵੀ ਸਾਥ ਨਾ ਦਿੰਦੇ।

ਇਹ ਚਾਨਣ ਦੇ ਹੀ ਸਾਥੀ ਨੇ, ਹਨੇਰਾ ਹੋਣ ਲਗਦੈ ਜਦ,
ਤਾਂ ਛੱਡਣ ਸਾਥ ਸਾਏ, ਆਪਣੇ ਵੀ ਸਾਥ ਨਾ ਦਿੰਦੇ।

ਜ਼ਮਾਨਾ ਬਖ਼ਸ਼ਦੈ ਕਿਸਨੂੰ, ਜ਼ਮਾਨੇ 'ਤੇ ਹੈ ਕੀ ਰੋਸਾ,
ਜ਼ਮਾਨਾ ਜਦ ਸਤਾਏ, ਆਪਣੇ ਵੀ ਸਾਥ ਨਾ ਦਿੰਦੇ।

ਉਦਾਸੀ ਵਿਚ ਘਿਰੇ ਜਦ ਮਨ, ਤਾਂ ਮਨ ਦਾ ਕੀ ਕਰੇ ਕੋਈ,
ਇਹ ਧਨ ਦੌਲਤ ਕਮਾਏ, ਆਪਣੇ ਵੀ ਸਾਥ ਨਾ ਦਿੰਦੇ।

ਉਨ੍ਹਾਂ ਦੀ ਛਾਂ ਪਰਾਈ ਹੋਣ ਲੱਗਿਆਂ ਦੇਰ ਨਾ ਲਾਉਂਦੀ,
ਜੁ ਰੁਖ ਹੱਥੀਂ ਲਗਾਏ ਆਪਣੇ ਵੀ ਸਾਥ ਨਾ ਦਿੰਦੇ।

ਬੜੀ ਹੀ ਪੀੜ ਹੁੰਦੀ ਹੈ, ਉਦੋਂ ਹੁੰਦਾ ਹੈ ਦਿਲ ਛਲਣੀ,
ਜਦੋਂ ਸੁਪਨੇ ਸਜਾਏ ਆਪਣੇ ਵੀ ਸਾਥ ਨਾ ਦਿੰਦੇ।

ਇਹ ਦਿਨ ਵਰਗੀ ਸਚਾਈ ਹੈ, ਜਦੋਂ ਹੁੰਦੇ ਲਹੂ ਚਿੱਟਾ,
ਉਦੋਂ ਮਾਂ ਬਾਪ ਜਾਏ, ਆਪਣੇ ਵੀ ਸਾਥ ਨਾ ਦਿੰਦੇ।

ਜ਼ਮਾਨੇ ਨਾਲ ਸਿਝ ਲੈਂਦੇ, ਜੁ ਦੁਸ਼ਮਣ ਹੈ ਮੁਹੱਬਤ ਦਾ,
ਮੁਹੱਬਤ ਵਿਚ ਹਾਏ ਆਪਣੇ ਵੀ ਸਾਥ ਨਾ ਦਿੰਦੇ।

ਨਮੋਸ਼ੀ ਮੰਨਦਾ ਹੈ ਕ੍ਰਿਸ਼ਨ ਹਰ ਕੋਈ ਤਿਰੇ ਵਾਂਗੂੰ,
ਇਹ ਕਹਿਣੋਂ ਝਿਜਕਦਾ ਏ ਆਪਣੇ ਵੀ ਸਾਥ ਨਾ ਦਿੰਦੇ।

♦

□

ਕੀਕਣ ਕਿਸੇ ਨੂੰ ਕਹਿ ਦਿਆਂ, ਕਿੰਨੀ ਇਕੱਲਤਾ।
ਤੇਰੇ ਬਗ਼ੀਰ ਭੋਗਦਾਂ, ਕਿੰਨੀ ਇਕੱਲਤਾ।

ਮੈਂ ਖ਼ਰਚ ਖ਼ਰਚ ਥੱਕਿਆ ਮੁੱਕੇ ਕੰਮਬਖ਼ਤ ਨਾ,
ਖ਼ਾਤੇ ਮਿਰੇ 'ਚ ਹੈ ਜਮ੍ਹਾ ਕਿੰਨੀ ਇਕੱਲਤਾ।

ਨ ਆਦਿ ਹੈ ਨ ਅੰਤ ਹੈ ਕਿਧਰੇ ਖਲਾਅ ਦੇ ਵਾਂਗ,
ਪੈਮਾਨਿਆਂ ਕੀ ਅਪਣਾ, ਕਿੰਨੀ ਇਕੱਲਤਾ।

ਮੌਲਾ ਮਿਰੇ ਤੂੰ ਦੱਸਣਾ ਤੈਨੂੰ ਜੋ ਇਲਮ ਹੈ,
ਹਿੱਸੇ ਮਿਰੇ 'ਚ ਲਿਖ ਗਿਆਂ, ਕਿੰਨੀ ਇਕੱਲਤਾ।

ਕਦ ਤਕ ਨਸੀਬ ਹੋਣਗੇ, ਵਸਲਾਂ ਦੇ ਚਾਰ ਪਲ,
ਸਹਿਣੀ ਪਏਗੀ ਸੱਜਣਾ, ਕਿੰਨੀ ਇਕੱਲਤਾ।

ਕਿਹੜੀ ਕਿਤਾਬ 'ਚੋਂ ਮਿਲੇ, ਇਸਦਾ ਕੁਈ ਹਿਸਾਬ,
ਮੈਂ ਭੋਗਣੀ ਕਿੰਨੀ ਸਮਾਂ, ਕਿੰਨੀ ਇਕੱਲਤਾ।

ਜਦ ਵੀ ਕਦੇ ਮੈਂ ਸੋਚਦਾਂ, ਸੋਚਾਂ 'ਚ ਵਹਿ ਤੁਰਾਂ,
ਏਨੀ ਕੁ ਉਮਰ ਵਿਚ ਮਨਾ, ਕਿੰਨੀ ਇਕੱਲਤਾ।

ਤੇਰੇ ਬਗ਼ੈਰ ਬੀਤਦਾ ਇਕ ਪਲ ਯੁਗਾਂ ਦੇ ਵਾਂਗ,
ਝੱਲੀ ਹੈ ਮੈਂ ਯੁਗਾਂ ਯੁਗਾਂ ਕਿੰਨੀ ਇਕੱਲਤਾ।

ਮੇਰੇ ਇਹ ਸ਼ਿਅਰ ਕ੍ਰਿਸ਼ਨ ਹਨ ਇਕੱਲਤਾ ਦੀ ਦੇਣ,
ਚਾਹੁੰਦੀ ਹੈ ਕਾਵਿ ਸਿਰਜਣਾ, ਕਿੰਨੀ ਇਕੱਲਤਾ।

♦

ਜ਼ਿੰਦਗੀ ਨੂੰ ਕਰ ਮੁਹੱਬਤ, ਜ਼ਿੰਦਗੀ ਜਿਊਣੇ ਦਾ ਨਾਮ,
ਜ਼ਿੰਦਗੀ ਹੈ ਖ਼ੂਬਸੂਰਤ, ਜ਼ਿੰਦਗੀ ਜਿਊਣੇ ਦਾ ਨਾਮ।

ਜ਼ਿੰਦਗੀ ਰੋ ਰੋ ਗੁਆਉਣੇ ਵਾਸਤੇ ਹੁੰਦੀ ਨਹੀਂ,
ਜ਼ਿੰਦਗੀ ਦਾ ਨਾਮ ਹਿੰਮਤ, ਜ਼ਿੰਦਗੀ ਜਿਊਣੇ ਦਾ ਨਾਮ।

ਬਾਣੀਆਂ ਵਾਂਗੂੰ ਵਿਚਾਰਾਂ ਨਾ, ਨਫ਼ਾ ਨੁਕਸਾਨ ਮੈਂ,
ਜ਼ਿੰਦਗੀ ਨਹੀਉਂ ਤਿਜ਼ਾਰਤ, ਜ਼ਿੰਦਗੀ ਜਿਊਣੇ ਦਾ ਨਾਮ।

ਅਹੁ ਗ਼ਮਾਂ ਦੇ ਨ੍ਹੇਰ ਵਿੱਚੋਂ, ਦਿਸ ਰਹੀ ਆਸ਼ਾ ਕਿਰਨ,
ਮਿਲ ਗਈ ਤੇਰੀ ਮੁਹੱਬਤ, ਜ਼ਿੰਦਗੀ ਜਿਊਣੇ ਦਾ ਨਾਮ।

ਮਾਣਦਾ ਰਹਿਨਾ ਮੈਂ ਪਲ ਪਲ ਕਿਉਂ ਪੜਾਂ ਨਾ ਵਾਰ ਵਾਰ,
ਜ਼ਿੰਦਗੀ ਮਹਿਬੂਬ ਦਾ ਖ਼ਤ, ਜ਼ਿੰਦਗੀ ਜਿਊਣੇ ਦਾ ਨਾਮ।

ਜ਼ਿੰਦਗੀ ਸੰਘਰਸ਼ ਦਾ ਹੈ ਨਾਮ ਇਸਦੇ ਸਾਹਮਣੇ,
ਨਾ ਅੜੇ ਕੋਈ ਮੁਸੀਬਤ, ਜ਼ਿੰਦਗੀ ਜਿਊਣੇ ਦਾ ਨਾਮ।

ਇਹ ਕਿਸੇ ਕੋਲੋਂ ਭਲਾ ਕਦ ਉਮਰ ਭਰ ਬੁੱਝੀ ਗਈ,
ਜ਼ਿੰਦਗੀ ਹੈ ਇਕ ਬੁਝਾਰਤ, ਜ਼ਿੰਦਗੀ ਜਿਊਣੇ ਦਾ ਨਾਮ।

ਰੱਜ ਕੇ ਤੂੰ ਮਾਣ ਪਲ ਪਲ, ਰੱਜ ਕੇ ਇਸਨੂੰ ਹੰਢਾ,
ਜੇ ਮਿਲੀ ਜਿਉਣੇ ਦੀ ਮੁਹਲਤ, ਜ਼ਿੰਦਗੀ ਜਿਊਣੇ ਦਾ ਨਾਮ।

ਸ਼ਾਇਰੀ ਮੇਰੀ ਸਮੁੱਚੀ ਕ੍ਰਿਸ਼ਨ ਜੀਵਨ ਵਾਸਤੇ,
ਜ਼ਿੰਦਗੀ ਨੂੰ ਮੈਂ ਸਮਰਪਤ, ਜ਼ਿੰਦਗੀ ਜਿਊਣੇ ਦਾ ਨਾਮ।

♦

□

ਭਲਾ ਕਿੰਨੇ ਕੁ ਟੁੱਟੇ ਨੇ, ਮੈਂ ਖ਼ਾਬਾਂ ਦੀ ਕਰਾਂ ਗਿਣਤੀ।
ਅਜੇ ਕਿੰਨੀ ਕੁ ਬਾਕੀ ਨੇ, ਅਜ਼ਾਬਾਂ ਦੀ ਕਰਾਂ ਗਿਣਤੀ।

ਤਿਰੀ ਕੁਰਸੀ ਦੇ ਪਾਵੇ ਹੇਠ ਤੂੰ ਗਿਣ ਕਿੰਨੀਆਂ ਲਾਸ਼ਾਂ,
ਮਿਰੀ ਕੁਰਸੀ 'ਤੇ ਪਈਆਂ ਮੈਂ, ਕਿਤਾਬਾਂ ਦੀ ਕਰਾਂ ਗਿਣਤੀ।

ਪੁੜੇ ਹੋਏ ਜੁ ਕੰਡੇ ਪੋਟਿਆਂ ਵਿਚ ਗਿਣ ਲਵਾਂ ਪਹਿਲਾਂ,
ਮਿਲੇ ਫ਼ੁਰਸਤ ਜਦੋਂ, ਮੈਂ ਫਿਰ ਗੁਲਾਬਾਂ ਦੀ ਕਰਾਂ ਗਿਣਤੀ।

ਤੁਸੀਂ ਕਹਿੰਦੇ ਓ, ਮਾਂ ਬੋਲੀ ਪੰਜਾਬੀ ਖ਼ਤਮ ਹੋ ਜਾਣੀ,
ਮੈਂ ਦੁਨੀਆਂ ਭਰ 'ਚ ਜੋ ਫੈਲੇ, ਪੰਜਾਬਾਂ ਦੀ ਕਰਾਂ ਗਿਣਤੀ।

ਕੁਈ ਪੁਸਤਕ ਜੇ ਮਿਲ ਜਾਵੇ, ਫੜਾ ਦੇਵੀਂ ਮੈਂ ਓਨਾ ਚਿਰ,
ਤੁਹਾਡੀ ਬਾਰ ਵਿਚ ਸਜੀਆਂ, ਸ਼ਰਾਬਾਂ ਦੀ ਕਰਾਂ ਗਿਣਤੀ।

ਇਹ ਡਾਰਾਂ ਬੰਨ੍ਹ ਕੇ ਆਉਂਦੇ ਨੇ, ਲੇਖਾ ਕਿਸ ਤਰ੍ਹਾਂ ਰੱਖਾਂ,
ਭਲਾ ਮੈਂ ਕਿਸ ਤਰ੍ਹਾਂ ਗ਼ਮ ਬੇਹਿਸਾਬਾਂ ਦੀ ਕਰਾਂ ਗਿਣਤੀ।

ਮਹਾਨ ਆਖਾਂ ਕਿਵੇਂ ਨਾ ਮੈਂ ਮਿਰੇ ਭਾਰਤ ਮਹਾਨ ਅੰਦਰ,
ਨ ਡੱਕਾ ਤੋੜਦੇ ਜਿਹੜੇ ਨਵਾਬਾਂ ਦੀ ਕਰਾਂ ਗਿਣਤੀ।

ਮਿਲੇਗੀ ਕਾਮਯਾਬੀ ਹੌਂਸਲਾ ਕਰ, ਕ੍ਰਿਸ਼ਨ ਤੈਨੂੰ ਵੀ,
ਮਿਰੇ ਵਰਗੇ ਜੁ ਹੋਏ ਕਾਮਯਾਬਾਂ ਦੀ ਕਰਾਂ ਗਿਣਤੀ।

♦

❐

ਇਰਾਦਾ ਧਾਰ ਲੈ ਤੁਰਨੇ ਦਾ, ਆ ਜਾਵੇਗਾ ਬਲ ਆਪੇ।
ਹਰਿਕ ਮੁਸ਼ਕਲ ਸਿਖਾ ਦਿੰਦੀ, ਹਰਿਕ ਮੁਸ਼ਕਲ ਦਾ ਹੱਲ ਆਪੇ।

ਕਿਸੇ ਦੇ ਕੋਲ ਤੇਰੇ ਵਾਸਤੇ ਫ਼ੁਰਸਤ ਨਹੀਂ ਭੋਰਾ,
ਮਨਾ ਬਲਵਾਨ ਬਣ ਤੂੰ, ਆਪਣੀ ਹੋਣੀ ਬਦਲ ਆਪੇ।

ਗ਼ਮਾਂ ਦੇ ਨ੍ਹੇਰ ਗੂੜ੍ਹੇ ਹੋ ਗਏ ਤਾਂ, ਰੌਸ਼ਨੀ ਖ਼ਾਤਿਰ,
ਲਹੂ ਦਿਲ ਦਾ ਜਲਾ ਕੇ ਮੋਮਬੱਤੀ ਵਾਂਗ ਬਲ ਆਪੇ।

ਭਲਾ ਉਹ ਕੌਣ ਹੈ ਜਿਸਨੇ ਕਦੇ ਠੋਕਰ ਨਹੀਂ ਖਾਧੀ,
ਜੇ ਠੋਕਰ ਖਾ ਕੇ ਡਿਗਿਆ ਏਂ, ਤਾਂ ਉਠ ਆਪੇ ਸੰਭਲ ਆਪੇ।

ਕਈ ਹਾਲਾਤ ਨੂੰ ਖ਼ੁਦ ਆਪਣੇ ਅਨੁਸਾਰ ਕਰ ਲੈਂਦੇ,
ਤੇ ਕੁਝ ਹਾਲਾਤ ਦੇ ਅਨੁਸਾਰ ਖ਼ੁਦ ਜਾਂਦੇ ਨੇ ਢਲ ਆਪੇ।

ਉਡੀਕੇ ਕੌਣ ਤੈਨੂੰ ਆਪਣਾ ਪੈਂਡਾ ਕਰੇ ਖੋਟਾ,
ਜੇ ਪਿੱਛੇ ਰਹਿ ਗਿਆ ਏਂ ਕਾਫ਼ਲੇ ਦੇ ਨਾਲ ਰਲ ਆਪੇ।

ਨ ਵਿਗਸਣ ਵਾਸਤੇ ਸੁਥਰਾ ਚੁਗਿਰਦਾ ਲਾਜ਼ਮੀ ਹੁੰਦੈ,
ਜਿਨ੍ਹਾ ਖਿੜਨਾ ਹੈ ਖਿੜ ਪੈਂਦੇ ਨੇ ਚਿੱਕੜ 'ਚੋਂ ਕੰਵਲ ਆਪੇ।

ਇਹ ਦਿਲ ਦਾ ਮਾਮਲਾ ਹੈ ਅਕਲ ਦਾ ਨਾ ਜ਼ੋਰ ਚਲ ਸਕਦਾ,
ਜਦੋਂ ਦਿਲ ਪਿਘਲਦਾ ਅੱਖਾਂ 'ਚੋਂ ਵਹਿ ਤੁਰਦਾ ਹੈ ਜਲ ਆਪੇ।

ਉਮੜ ਪੈਂਦੀ ਘਟਾ ਜਦ ਤੇਰੀਆਂ ਯਾਦਾਂ ਦੀ, ਮਨ ਭਰਦੈ,
ਬਰਸਦੀਆਂ ਅੱਖੀਆਂ ਛਮ ਛਮ ਤਾਂ ਹੋ ਜਾਂਦੈ ਨਿਹਾਲ ਆਪੇ,

ਜਦੋਂ ਸੰਵੇਦਨਾ, ਗ਼ਮ, ਦਰਦ, ਚਿੰਤਨ, ਖ਼ਿਆਲ ਵਹਿ ਤੁਰਦੇ,
ਉਦੋਂ ਮੂੰਹਜ਼ੋਰ ਹੋ ਕੇ ਕ੍ਰਿਸ਼ਨ ਫੁੱਟ ਪੈਂਦੀ ਗ਼ਜ਼ਲ ਆਪੇ।

♦

❐

ਇੱਕ ਦੂਜੇ ਦੀ ਖ਼ੁਸ਼ੀ ਦੇ ਨਾਲ ਏਨਾ ਵੈਰ ਕਿਉਂ।
ਆਦਮੀ ਨੂੰ ਆਦਮੀ ਦੇ ਨਾਲ ਏਨਾ ਵੈਰ ਕਿਉਂ।

ਬਾਜ ਵਾਂਗੂੰ ਇਹ ਅਚਿੰਤੇ ਝਪਟ ਪੈਂਦੀ ਕਿਉਂ ਸਦਾ,
ਮੌਤ ਨੂੰ ਹੈ ਜ਼ਿੰਦਗੀ ਦੇ ਨਾਲ ਏਨਾ ਵੈਰ ਕਿਉਂ।

ਕੁੱਖ ਵਿਚ ਹੀ ਮੁਸਲ ਦਿੰਦੇ ਨੇ ਵਿਚਾਰੀ ਮਹਿਕ ਨੂੰ,
ਮਾਲੀਆਂ ਦਾ ਹੈ ਕਲੀ ਦੇ ਨਾਲ ਏਨਾ ਵੈਰ ਕਿਉਂ।

ਚੰਨ ਮੁਖੜੇ ਨੂੰ ਸੰਵਾਰਨ ਦੀ ਪਈ ਹੈ ਲੋੜ ਕੀ,
ਸੁਹਣਿਆਂ ਦਾ ਸਾਦਗੀ ਦੇ ਨਾਲ ਏਨਾ ਵੈਰ ਕਿਉਂ।

ਜਦ ਕਿਤੇ ਦੀਵਾ ਜਗੇ, ਦੀਵਾ ਬੁਝਾਉਣਾ ਲੋਚਦੇ,
ਨ੍ਹੇਰਿਆਂ ਦਾ ਰੌਸ਼ਨੀ ਦੇ ਨਾਲ ਏਨਾ ਵੈਰ ਕਿਉਂ।

ਖਾਣੇ/ਪੀਣੇ/ਲੜਨੇ/ਮਰਨੇ ਨੂੰ ਸਦਾ ਮੋਹਰੀ ਅਸੀਂ,
ਕੌਮ ਦਾ ਹੈ ਸੋਚਣੀ ਦੇ ਨਾਲ ਏਨਾ ਵੈਰ ਕਿਉਂ।

ਜਦ ਕਦੇ ਮੌਕਾ ਮਿਲੇ ਪਿੱਠ ਵਿਚ ਛੁਰਾ ਨੇ ਖੋਭਦੇ,
ਦੋਸਤਾਂ ਨੂੰ ਦੋਸਤੀ ਦੇ ਨਾਲ ਏਨਾ ਵੈਰ ਕਿਉਂ।

ਕਿਉਂ ਰਹੇ ਗ਼ਮਗੀਨ ਹਰ ਪਲ, ਗ਼ਮ ਸਦਾ ਰਹਿਣੇ ਨਹੀਂ,
ਮੁਸਕਰਾ ਤੂੰ, ਮੁਸਕਣੀ ਦੇ ਨਾਲ ਏਨਾ ਵੈਰ ਕਿਉਂ।

ਘਿਰ ਗਏ ਏਨਾ ਵਿਰੋਧਾਂ ਵਿੱਚ ਆਪਾਂ ਕ੍ਰਿਸ਼ਨ ਹੁਣ,
ਕੀ ਕਹਾਂ ਕੀਹਦਾ ਹੈ ਕੀਹਦੇ ਨਾਲ ਏਨਾ ਵੈਰ ਕਿਉਂ।

♦

❑

ਇਕ ਇਮਤਿਹਾਨ ਜ਼ਿੰਦਗੀ, ਹਿੰਮਤ ਨਾ ਹਾਰਨਾ।
ਹਿੰਮਤ ਨਾ ਹਾਰਨਾ ਕਦੀ, ਹਿੰਮਤ ਨਾ ਹਾਰਨਾ।

ਤਰਸੀ ਪਈ ਹੈ ਤੇਰਿਆਂ ਪੈਰਾਂ ਦੀ ਧੂੜ ਨੂੰ,
ਮੰਜ਼ਿਲ ਉਡੀਕਦੀ ਖੜ੍ਹੀ, ਹਿੰਮਤ ਨਾ ਹਾਰਨਾ।

ਰੋਕੇਗਾ ਕੌਣ ਜਿੱਤਣੋਂ, ਕਿਸਦੀ ਮਜ਼ਾਲ ਹੈ,
ਇਕ ਸ਼ਰਤ ਹੈ ਕਿ ਆਪਣੀ, ਹਿੰਮਤ ਨਾ ਹਾਰਨਾ।

ਮਿਲਦੇ ਜ਼ਰੂਰ ਮਿਲਣ ਪਰ ਸਹਿਕੇ ਮੁਸੀਬਤਾਂ,
ਰਸ, ਰਾਗ, ਰੰਗ, ਰੌਸ਼ਨੀ, ਹਿੰਮਤ ਨਾ ਹਾਰਨਾ।

ਛੇਕਾਂ ਦੇ ਨਾਲ ਬਾਂਸ ਜਿਉਂ ਬਣਦਾ ਹੈ ਬੰਸਰੀ,
ਜ਼ਖ਼ਮਾਂ ਦੇ ਨਾਲ ਜ਼ਿੰਦਗੀ, ਹਿੰਮਤ ਨਾ ਹਾਰਨਾ।

ਹੋ ਕੇ ਨਿਰਾਸ਼ ਝੂਰਨਾ, ਕੁਝ ਨਾ ਸੁਆਰਦਾ,
ਜੀਵਨ ਸੰਘਰਸ਼ ਹੈ ਬਈ, ਹਿੰਮਤ ਨਾ ਹਾਰਨਾ।

ਮਿਲਣੀ, ਵਿਯੋਗ, ਗ਼ਮ, ਖ਼ੁਸ਼ੀ, ਪਤਝੜ ਅਤੇ ਬਹਾਰ,
ਇਨ੍ਹਾਂ ਦਾ ਮੇਲ ਕੁਦਰਤੀ, ਹਿੰਮਤ ਨਾ ਹਾਰਨਾ।

ਛੱਡਣਾ ਨਹੀਂ ਹੈ ਕ੍ਰਿਸ਼ਨ ਤੂੰ, ਆਸ਼ਾ ਦਾ ਲੜ ਕਦੇ,
ਆਵੇ ਜਦੋਂ ਔਖੀ ਘੜੀ, ਹਿੰਮਤ ਨਾ ਹਾਰਨਾ।

♦

□

ਮਿਲੇ ਜਿਨੀ ਥੁ ਵੀ ਓਨੀ, ਖ਼ੁਸ਼ੀ ਨੂੰ ਮਾਣਦੇ ਰਹੀਏ।
ਇਹ ਮਾਨਣ ਵਾਸਤੇ ਹੈ, ਜ਼ਿੰਦਗੀ ਨੂੰ ਮਾਣਦੇ ਰਹੀਏ।

ਕਿਸੇ ਨੇ ਮੁਸਕਰਾ ਕੇ ਤੱਕਿਆ, ਫਿਰ ਨੀਵੀਆਂ ਪਾਈਆਂ,
ਅਸੀਂ ਹੁਣ ਤੀਕ ਪਹਿਲੀ ਤੱਕਣੀ ਨੂੰ, ਮਾਣਦੇ ਰਹੀਏ।

ਨ ਕੋਈ ਰੰਗ ਮਨਫ਼ੀ, ਸਾਰਿਆਂ ਰੰਗਾਂ ਦਾ ਮਿਸ਼ਰਣ ਹੈ,
ਤੇ ਸਭ ਰੰਗਾਂ ਦੇ ਵਿੱਚੋਂ ਰੌਸ਼ਨੀ ਨੂੰ ਮਾਣਦੇ ਰਹੀਏ।

ਜੇ ਹਸਦਾ ਹੈ ਤਾਂ ਸਭ ਜੂਨਾਂ 'ਚੋਂ ਬਸ ਇਨਸਾਨ ਹਸਦਾ ਹੈ,
ਅਸੀਂ ਇਕ ਦੂਸਰੇ ਦੀ ਮੁਸਕਨੀ ਨੂੰ, ਮਾਣਦੇ ਰਹੀਏ।

ਅਨੇਕਾਂ ਰੰਗ, ਖ਼ੁਸ਼ਬੂ, ਰੌਸ਼ਨੀ, ਬਿਖਰੇ ਚੁਗਿਰਦੇ ਵਿਚ,
ਸੁਹੱਪਣ ਦੀ ਅਦੁੱਤੀ ਦਿਲ-ਕਸ਼ੀ ਨੂੰ ਮਾਣਦੇ ਰਹੀਏ।

ਜਨਮ ਅਗਲਾ ਸੰਵਾਰਨ ਦੀ, ਕੁਈ ਇੱਛਾ ਨਹੀਂ ਅਪਣੀ,
ਇਸੇ ਕਰਕੇ ਤਾਂ ਪਲ ਪਲ ਜ਼ਿੰਦਗੀ ਨੂੰ ਮਾਣਦੇ ਰਹੀਏ।

ਅਨੇਕਾਂ ਸੰਸਿਆਂ, ਫ਼ਿਕਰਾਂ, ਤਣਾਵਾਂ ਤੋਂ ਦਵੇ ਮੁਕਤੀ,
ਮਿਲੇ ਜਦ ਵਿਹਲ ਤੇਰੀ ਦੋਸਤੀ ਨੂੰ ਮਾਣਦੇ ਰਹੀਏ।

ਕਦੇ ਪਤਝੜ ਨ ਆਉਂਦੀ ਆਪਣੇ ਮਨ ਦੇ ਚਮਨ ਉੱਤੇ,
ਤਿਰੇ ਨੈਣਾਂ 'ਚ ਮੌਸਮ ਸੰਦਲੀ ਨੂੰ ਮਾਣਦੇ ਰਹੀਏ।

ਇਹ ਤਪਦੀ ਧਰਤ 'ਤੇ ਬਰਸਾਤ ਦੀ ਪਹਿਲੀ ਕਣੀ ਵਰਗੀ,
ਅਸੀਂ ਤਾਂ ਕ੍ਰਿਸ਼ਨ ਤੇਰੀ ਸ਼ਾਇਰੀ ਨੂੰ ਮਾਣਦੇ ਰਹੀਏ।

♦

❐

ਕਿਤੋਂ ਬਾਹਰੋਂ ਨਹੀਂ ਮਿਲਦੀ, ਖ਼ੁਸ਼ੀ ਤਾਂ ਅੰਦਰੋਂ ਉਪਜੇ,
ਉਮੰਗਾਂ ਨਾਲ ਜਿਉਣੇ ਦੀ ਰੁਚੀ ਤਾਂ, ਅੰਦਰੋਂ ਉਪਜੇ।

ਹਨੇਰਾ ਹੀ ਮਨਾ ਢੋਂਦੇ ਰਹੇ ਮਹਿਸੂਸ ਨਾ ਕੀਤਾ,
ਹਨੇਰਾ ਦੂਰ ਕਰਦੀ ਰੌਸ਼ਨੀ ਤਾਂ ਅੰਦਰੋਂ ਉਪਜੇ।

ਉਹ ਕੀ ਜਾਣੇ, ਨ ਜਿਸਨੇ ਬੇਖ਼ੁਦੀ ਦਾ ਦੇਖਿਆ ਆਲਮ,
ਉਹ ਕੀ ਜਾਣੇ ਭਲਾ, ਇਹ ਬੇਖ਼ੁਦੀ ਤਾਂ ਅੰਦਰੋਂ ਉਪਜੇ।

ਮਿਲੇ ਅਨੁਕੂਲ ਜਦ ਮੌਸਮ ਤਾਂ ਪੌਦਾ ਵੰਡਦੈ ਮਹਿਕਾਂ,
ਮਿਲੇ ਜਦ ਵਕਤ ਡੋਡੀ ਦੇ ਕਲੀ ਤਾਂ ਅੰਦਰੋਂ ਉਪਜੇ।

ਜਿਨ੍ਹਾਂ ਦੀ ਸੋਚਣੀ ਬਿਮਾਰ ਹੈ ਬਲਵਾਨ ਕਦ ਹੁੰਦੇ,
ਜੁ ਬਲ ਬਖ਼ਸ਼ੇ ਨਰੋਈ ਸੋਚਣੀ ਤਾਂ ਅੰਦਰੋਂ ਉਪਜੇ।

ਸੁਹੱਪਣ ਦੇਖਣੇ ਵਾਲੇ ਦੀ ਅੱਖ ਉਤੇ ਮੁਨੱਸਰ ਹੈ,
ਸੁਹੱਪਣ ਪਰਖ ਲੈਂਦੀ ਤੱਕਣੀ ਤਾਂ ਅੰਦਰੋ ਉਪਜੇ।

ਬਥੇਰਾ ਰੋਕ ਕੇ ਰੱਖਾਂ, ਬਥੇਰਾ ਡੱਕਦਾ ਰਹਿਨਾਂ,
ਕਰਾਂ ਵੀ ਕੀ ਮੈਂ ਅੱਖਾਂ ਦੀ ਨਮੀ ਤਾਂ ਅੰਦਰੋਂ ਉਪਜੇ।

ਦਿਖਾਵੇ ਦੀ ਨ ਹਮਦਰਦੀ ਦਿਖਾਵੋ, ਦਿਲਬਰੀ ਕਰਿਓ,
ਜੇ ਦਿਲ ਵਿਚ ਦਰਦ ਹੋਵੇ, ਦਿਲਬਰੀ ਤਾਂ ਅੰਦਰੋਂ ਉਪਜੇ।

ਜੁ ਮੇਰੇ ਮਨ 'ਚ ਆਉਂਦੈ ਕ੍ਰਿਸ਼ਨ ਉਹ ਮੈਂ ਆਖ ਹੀ ਦਿੰਨਾਂ,
ਇਨ੍ਹਾਂ ਸੋਚਾਂ ਵਿਚਾਰਾਂ ਦੀ ਲੜੀ ਤਾਂ ਅੰਦਰੋਂ ਉਪਜੇ।

♦

ਤਿਰੀ ਸਹੁੰ ਮੈਂ ਤਾਂ ਸੱਚੀ ਆਖਦਾਂ, ਲਿਖਿਆ ਨਹੀਂ ਜਾਂਦਾ।
ਬੜੀ ਵਾਰੀ ਜੁ ਲਿਖਣਾ ਲੋਚਦਾਂ, ਲਿਖਿਆ ਨਹੀਂ ਜਾਂਦਾ।

ਕਿਸੇ ਤੋਂ ਕਦ ਕਿਹਾ ਜਾਂਦੈ, ਕਿਸੇ ਤੋਂ ਕਦ ਸਿਹਾ ਜਾਂਦੈ,
ਕਿਸੇ ਕੋਲੋਂ ਵੀ ਪੂਰਾ ਸੱਚ ਤਾਂ ਲਿਖਿਆ ਨਹੀਂ ਜਾਂਦਾ।

ਕਿਵੇਂ ਸੁਪਨਾ, ਕਹਾਂ ਇਸਨੂੰ, ਮਿਰੀ ਖ਼ਾਤਰ ਤਾਂ ਰਣ ਭੂਮੀ,
ਮਿਰੇ ਕੋਲੋਂ ਤਾਂ ਦੁਨੀਆਂ ਨੂੰ ਸਰ੍ਗਾਂ ਲਿਖਿਆ ਨਹੀਂ ਜਾਂਦਾ।

ਨਿਰਾਸ਼ਾ, ਭੁਖ-ਮਰੀ, ਚੀਖਾਂ, ਪੁਕਾਰਾਂ, ਬੇਬਸੀ, ਥੋੜਾਂ,
ਲਿਖਾਂ ਕੀ ਕੀ, ਮੈਂ ਕੀ ਕੀ ਦੇਖਦਾਂ, ਲਿਖਿਆ ਨਹੀਂ ਜਾਂਦਾ।

ਤਿਰਾ ਇਤਿਹਾਸ ਰਾਜੇ ਰਾਣੀਆਂ ਦਾ ਜ਼ਿਕਰ ਹੀ ਕਰਦੈ,
ਕਿ ਲੋਕਾਂ ਦਾ ਕਿਤੇ ਇਤਿਹਾਸ ਤਾਂ, ਲਿਖਿਆ ਨਹੀਂ ਜਾਂਦਾ।

ਕਹੇ ਰਾਜੇ ਨੂੰ ਸੀਂਹ ਕਿਹੜਾ, ਮੁਕੱਦਮ ਨੂੰ ਕਹੇ ਕੁੱਤੇ,
ਬੜਾ ਹੀ ਕਠਨ ਦਿਲ ਜਿਗਰੇ ਬਿਨਾਂ, ਲਿਖਿਆ ਨਹੀਂ ਜਾਂਦਾ।

ਤੂੰ ਲਿਖਿਐ ਖ਼ਤ 'ਚ ਤੈਨੂੰ ਖ਼ਤ ਲਿਖਾਂ, ਕਿੰਨਾ ਕੁ ਮੈਂ ਚਾਹੁੰਨਾਂ,
ਮੈਂ ਤੈਨੂੰ ਲੋੜਦਾ ਕਿੰਨਾ ਕੁ ਹਾਂ, ਲਿਖਿਆ ਨਹੀਂ ਜਾਂਦਾ।

ਦਗਾਬਾਜ਼ੀ, ਦਿਖਾਵਾ, ਦੋਗਲਾਪਣ, ਕਪਟ, ਛਲ, ਹਿੰਸਾ,
ਕਮੀਨਾਪਣ ਕਿਸੇ ਤੋਂ ਆਪਣਾ, ਲਿਖਿਆ ਨਹੀਂ ਜਾਂਦਾ।

ਕਿਸੇ ਇਕ ਦਾ ਸਿਰਾ ਹੱਥ ਲੱਗਦੈ ਸੈਆਂ ਵਿਚਾਰਾਂ 'ਚੋਂ,
ਮੈਂ ਜਿੰਨਾ ਕ੍ਰਿਸ਼ਨ ਦਿਲ ਵਿਚ ਸੋਚਦਾਂ, ਲਿਖਿਆ ਨਹੀਂ ਜਾਂਦਾ।

♦

❐

ਕਿਵੇਂ ਪਹੁੰਚੇ ਮਨਾਂ ਤਕ ਰੌਸ਼ਨੀ, ਚਾਨਣ ਕਿਵੇਂ ਹੋਵੇ।
ਮਨਾਂ ਦੇ ਬੰਦ ਬੂਹਿਆਂ ਵਿੱਚਦੀ, ਚਾਨਣ ਕਿਵੇਂ ਹੋਵੇ।

ਕਿਤਾਬਾਂ ਲੱਖ ਪੜ੍ਹੀਆਂ, ਲੱਖ ਲੱਦੇ ਗਿਆਨ ਦੇ ਗੱਡੇ,
ਨਹੀਂ ਰੌਸ਼ਨ ਜੇ ਅਪਣੀ ਸੋਚਣੀ, ਚਾਨਣ ਕਿਵੇਂ ਹੋਵੇ।

ਅਸੀਂ ਬਾਣੀ ਦਾ ਕਰੀਏ ਪਾਠ ਨਿਸ ਦਿਨ ਸੋਚਦੇ ਕਦ ਹਾਂ,
ਕਿਵੇਂ ਇਹ ਪਾਲ ਟੁੱਟੇ ਕੂੜ ਦੀ, ਚਾਨਣ ਕਿਵੇਂ ਹੋਵੇ।

ਕਦੇ ਕੋਸ਼ਿਸ਼ ਵੀ ਕੀਤੀ ਹੈ, ਹਨ੍ਹੇਰਾ ਢੋਂਦਿਆਂ ਆਪਾਂ,
ਅਸੀਂ ਇਹ ਸੋਚਿਆ ਵੀ ਹੈ ਕਦੀ, ਚਾਨਣ ਕਿਵੇਂ ਹੋਵੇ।

ਜਗੇ ਇਕ ਜੋਤ ਤੋਂ ਜੇ ਜੋਤ ਦੂਜੀ ਦੌੜਦਾ ਨ੍ਹੇਰਾ,
ਨਹੀਂ ਇਕ ਜੋਤ ਤੋਂ ਦੂਜੀ ਜਗੀ, ਚਾਨਣ ਕਿਵੇਂ ਹੋਵੇ।

ਸੁਜਾਖੇ ਹੁੰਦਿਆਂ ਹੋਇਆਂ ਅਸੀਂ ਤਾਂ ਮੀਚੀਆਂ ਅੱਖਾਂ,
ਤੁਸੀਂ ਦੱਸੋ ਕਿਵੇਂ ਪਲਟੇ ਸਦੀ, ਚਾਨਣ ਕਿਵੇਂ ਹੋਵੇ।

ਤੂੰ ਅਪਣੇ ਸ਼ੌਕ, ਚਾਅ, ਜਜ਼ਬੇ ਤੇ ਰੀਝਾਂ ਮਾਰ ਨਾ ਬੈਠੀਂ,
ਨਹੀਂ ਅੱਖਾਂ 'ਚ ਸੁਪਨੇ ਸੰਦਲੀ, ਚਾਨਣ ਕਿਵੇਂ ਹੋਵੇ।

ਦਿਸੇਂ ਨਾ ਜੇ ਤੂੰ ਇਕ ਪਲ ਵਾਸਤੇ, ਤਾਂ ਨ੍ਹੇਰ ਪੈ ਜਾਂਦੈ,
ਬਿਖੇਰੇਂ ਨਾ ਜੇ ਚੰਨਾ ਚਾਨਣੀ, ਚਾਨਣ ਕਿਵੇਂ ਹੋਵੇ।

ਦਿਸੇ ਮੈਨੂੰ ਕਿਤੇ ਆਸ਼ਾ ਕਿਰਨ ਇੱਛਾ ਮਿਰੀ ਪਹਿਲੀ,
ਤੇ ਇੱਛਾ ਕ੍ਰਿਸ਼ਨ ਮੇਰੀ ਆਖ਼ਰੀ, ਚਾਨਣ ਕਿਵੇਂ ਹੋਵੇ।

♦

□

ਬੜੀ ਦੇਰੀ ਕਰੀ ਓ ਹਮ ਖ਼ਿਆਲਾ ਕ੍ਰਿਸ਼ਨ ਗੋਪਾਲਾ।
ਤਿਰੀ ਸਹੁੰ ਤੂੰ ਮਿਰੀ ਰੂਹ ਦਾ ਉਜਾਲਾ, ਕ੍ਰਿਸ਼ਨ ਗੋਪਾਲਾ।

ਨ ਛੱਪਰ ਪਾੜ ਕੇ ਦੇਣਾ, ਕਦੇ ਕੁਝ ਰੱਬ ਨੇ ਤੈਨੂੰ,
ਤੂੰ ਆਪੇ ਖੋਲ੍ਹਣਾ ਕਿਸਮਤ ਦਾ ਤਾਲਾ, ਕ੍ਰਿਸ਼ਨ ਗੋਪਾਲਾ।

ਨਵਾਂ ਖੂਹ ਪੁੱਟਣਾ ਪੈਂਦਾ ਹੈ, ਜਿਸ ਦਿਨ ਤਾਂ ਕਿਤੇ ਜਾ ਕੇ,
ਤਿਰੇ ਜੋਗਾ ਮਸੀਂ ਜੁੜਦਾ ਨਿਵਾਲਾ, ਕ੍ਰਿਸ਼ਨ ਗੋਪਾਲਾ।

ਤੂੰ ਕਿੰਨੇ ਪਾਣੀਆਂ ਵਿਚ, ਜ਼ਿੰਦਗੀ ਨਿਤ ਪਰਖਦੀ ਤੈਨੂੰ,
ਪਵੇ ਨਿਤ ਇਮਤਿਹਾਨਾਂ ਨਾਲ ਪਾਲਾ, ਕ੍ਰਿਸ਼ਨ ਗੋਪਾਲਾ।

ਕਦੇ ਠੰਡਾ ਪਵੇ ਨਾ ਜ਼ਿੰਦਗੀ ਜਿਊਣੇ ਦਾ ਚਾਅ ਪਲ ਭਰ,
ਹਮੇਸ਼ਾ ਸੁਲਘਦੀ ਦਿਲ ਵਿਚ ਜਵਾਲਾ, ਕ੍ਰਿਸ਼ਨ ਗੋਪਾਲਾ।

ਤਿਰਾ ਸਨਮਾਨ ਮੈਂ ਕਰਦਾਂ, ਮਿਰਾ ਸਨਮਾਨ ਤੂੰ ਕਰ ਲੈ,
ਕਿਸੇ ਨਾ ਬਖ਼ਸ਼ਣਾ ਸਾਨੂੰ ਦੁਸ਼ਾਲਾ, ਕ੍ਰਿਸ਼ਨ ਗੋਪਾਲਾ।

ਚੁਣੌਤੀ ਦੇ ਰਹੇ ਹਾਲਾਤ ਜੋ, ਪ੍ਰਵਾਨ ਕਰ ਇਸ ਨੂੰ,
ਨਹੀਂ ਸਰਨਾ ਤਿਰਾ ਹੋ ਕੇ ਨਿਢਾਲਾ, ਕ੍ਰਿਸ਼ਨ ਗੋਪਾਲਾ।

ਨਹੀਂ ਆਸ਼ਾ ਦਾ ਪੱਲਾ ਛੱਡਣਾ ਏਹੋ ਦੁਆ ਕਰੀਏ,
ਰਹੇਂ ਚੜ੍ਹਦੀ ਕਲਾ ਦੇ ਵਿਚ ਸ਼ਾਲਾ, ਕ੍ਰਿਸ਼ਨ ਗੋਪਾਲਾ।

ਕਿਸੇ ਸੁਣਨਾ ਨਹੀਂ ਹੈ ਕ੍ਰਿਸ਼ਨ ਕੌੜਾ ਸੱਚ ਇਹ ਤੇਰਾ,
ਯਥਾਰਥ ਨਾਲ ਕੁਝ ਲਾ ਦੇ ਮਸਾਲਾ ਕ੍ਰਿਸ਼ਨ ਗੋਪਾਲਾ।

♦

❐

ਨਾ ਰੁਕੇ ਹੁਣ ਜ਼ਿੰਦਗੀ ਭਰ, ਇਹ ਸਫ਼ਰ ਜਾਰੀ ਰਹੇ।
ਆਖ਼ਰੀ ਸਾਹ ਲੈਣ ਤੀਕਰ, ਇਹ ਸਫ਼ਰ ਜਾਰੀ ਰਹੇ।

ਚੰਦ, ਤਾਰੇ, ਧਰਤ, ਸੂਰਜ, ਸਭ ਸਫ਼ਰ ਦੇ ਹੀ ਗਵਾਹ,
ਆਦਿ-ਕਾਲੋਂ ਹੀ ਨਿਰੰਤਰ, ਇਹ ਸਫ਼ਰ ਜਾਰੀ ਰਹੇ।

ਸਿਰਫ਼ ਅਪਣੇ ਵਾਸਤੇ ਕਰੀਏ ਨਾ ਰਾਹਾਂ ਦੀ ਤਲਾਸ਼,
ਆਉਂਦੀਆਂ ਨਸਲਾਂ ਦੀ ਖ਼ਾਤਿਰ, ਇਹ ਸਫ਼ਰ ਜਾਰੀ ਰਹੇ।

ਥੱਕ ਜਾਣਾ ਤਾਂ ਸੁਭਾਵਕ, ਬਹਿ ਕੇ ਦਮ ਲੈਣਾ ਜ਼ਰੂਰ,
ਬਹਿ ਕੇ, ਦਮ ਲੈ ਕੇ, ਸ਼ੁਰੂ ਕਰ ਇਹ ਸਫ਼ਰ ਜਾਰੀ ਰਹੇ।

ਰੋਕ ਸਕਦੇ ਨੇ ਕਦਮ ਔਕਾਤ ਇਹਨਾਂ ਦੀ ਨਹੀਂ,
ਹੂੰਝ ਦੇ ਰਾਹਾਂ 'ਚੋਂ ਪੱਥਰ ਇਹ ਸਫ਼ਰ ਜਾਰੀ ਰਹੇ।

ਖ਼ੂਬਸੂਰਤ ਲੱਗਦੀ ਹੈ ਜ਼ਿੰਦਗੀ ਓ ਹਮਸਫ਼ਰ,
ਤੂੰ ਤੁਰੇਂ ਮੇਰੇ ਬਰਾਬਰ, ਇਹ ਸਫ਼ਰ ਜਾਰੀ ਰਹੇ।

ਕਾਮਯਾਬੀ ਦਾ ਜੇ ਮੰਤਰ ਪੁੱਛਦੈਂ, ਤਾਂ ਯਾਦ ਰੱਖ,
ਕਾਮਯਾਬੀ ਦਾ ਹੈ ਮੰਤਰ, ਇਹ ਸਫ਼ਰ ਜਾਰੀ ਰਹੇ।

ਜੇ ਸਮੇਂ ਦੀ ਧੂੜ ਵਿਚ ਮਿਲਣੈਂ ਤਾਂ ਫਿਰ ਬਹਿ ਕੇ ਉਡੀਕ,
ਗੱਡਣੇ ਜੇ ਮੀਲ-ਪੱਥਰ, ਇਹ ਸਫ਼ਰ ਜਾਰੀ ਰਹੇ।

ਹਾਰ ਬਹਿਣਾ ਕ੍ਰਿਸ਼ਨ ਤੇਰੀ, ਜ਼ਾਤ ਨੂੰ ਮਿਹਣਾ ਹੈ ਯਾਰ,
ਤੂੰ ਮੁਸਾਫ਼ਰ ਹੈਂ ਮੁਸਾਫ਼ਰ, ਇਹ ਸਫ਼ਰ ਜਾਰੀ ਰਹੇ।

♦

□

ਮੈਂ ਢਕ ਢਕ ਰੱਖਦਾ ਹਾਂ ਔਗੁਣਾਂ ਦੀਆਂ ਮੋਰੀਆਂ ਸੈਆਂ,
ਮੈਂ ਇਕ ਇਨਸਾਨ ਹਾਂ ਮੇਰੇ 'ਚ ਨੇ ਕਮਜ਼ੋਰੀਆਂ ਸੈਆਂ।

ਸ਼ਰਾਰਤ ਕਰ ਹੀ ਜਾਂਦਾ ਹੈ, ਜਦੋਂ ਦਾਅ ਲੱਗਦੈ ਇਸਦਾ,
ਮੈਂ ਪਾ ਕੇ ਰੱਖਦਾਂ ਮਨ ਅੱਥਰੇ ਨੂੰ ਡੋਰੀਆਂ ਸੈਆਂ।

ਤਿਰਾ ਦੀਦਾਰ ਮੇਰੇ ਵਾਸਤੇ ਕੋਹ-ਤੂਰ ਦਾ ਜਲਵਾ,
ਮਿਰੇ ਨੈਣਾਂ ਦੇ ਸਾਹਵੇਂ ਬਿਜਲੀਆਂ ਲਿਸ਼ਕੋਰੀਆਂ ਸੈਆਂ।

ਬੜਾ ਮੂੰਹ ਜ਼ੋਰ ਹੁੰਦੈ ਵੇਗ ਭਾਵਾਂ ਦਾ ਵੀ ਸਹੁੰ ਤੇਰੀ,
ਤੇ ਕਰ ਬਹਿੰਦੇ ਨੇ ਜਜ਼ਬੇ ਅੱਥਰੇ, ਮੂੰਹ ਜ਼ੋਰੀਆਂ ਸੈਆਂ।

ਤਿਰੇ ਬੁੱਲਾਂ ਦੀ ਛੁਹ ਦੇ ਨਾਲ ਬਾਂਸੋ ਬੰਸਰੀ ਬਣ ਜਾਂ,
ਤੂੰ ਇਸ ਵਿਚ ਫੂਕਦੇ ਸੁਰ-ਤਾਲ ਦਿਲ ਵਿਚ ਮੋਰੀਆਂ ਸੈਆਂ।

ਚੁਰਾਇਆ ਦਿਲ, ਚੁਰਾਈ ਚੈਨ, ਸੁਖ ਤੇ ਨੀਂਦ ਸੱਜਣਾਂ ਨੇ,
ਮੁਹੱਬਤ ਵਿੱਚ ਵੀ ਨੇ, ਖ਼ੂਬਸੂਰਤ ਚੋਰੀਆਂ ਸੈਆਂ।

ਮਿਰੇ ਮਨ ਦੇ ਬੀਆਬਾਨਾਂ 'ਤੇ ਇਕ ਵੀ ਬੂੰਦ ਨਾ ਬਰਸੀ,
ਪਤਾ ਨਈ ਬਰਸੀਆਂ ਕਿੱਥੇ, ਘਟਾਵਾਂ ਘੋਰੀਆਂ ਸੈਆਂ।

ਕੁਈ ਗ਼ੈਰਤ ਨੂੰ ਵੰਗਾਰੇ ਤਾਂ ਲਾਨ੍ਹਤ ਹੈ ਜਿਉਣੇ 'ਤੇ,
ਮੁਹੱਬਤ ਨਾਲ ਸਹਿ ਸਕਦੇ ਹਾਂ, ਮੱਲੋਜ਼ੋਰੀਆਂ ਸੈਆਂ।

ਬੜੇ ਔਗੁਣ ਤਿਰੇ ਵਿਚ ਕ੍ਰਿਸ਼ਨ ਤੂੰ ਨਾ ਸਿਫ਼ਤ ਦੇ ਕਾਬਿਲ,
ਗ਼ਜ਼ਲਗੋਈ ਨੇ ਢਕੀਆਂ ਤੇਰੀਆਂ ਕਮਜ਼ੋਰੀਆਂ ਸੈਆਂ।

♦

❐

ਮਿਰੇ ਨੈਣਾਂ ਨੂੰ ਜੀਅ ਭਰ ਕੇ ਤਿਰਾ ਦੀਦਾਰ ਨਾ ਹੋਇਆ।
ਤਿਰੇ ਸਾਹਾਂ ਦੀ ਖ਼ੁਸ਼ਬੂ ਨਾਲ ਸੀਨਾ ਠਾਰ ਨਾ ਹੋਇਆ।

ਮਿਲੇ ਨਾ ਸ਼ਬਦ ਹੀ ਅਪਣੀ ਮੁਹੱਬਤ ਹਾਣ ਦੇ ਮੈਨੂੰ,
ਤਦੇ ਮੈਥੋਂ ਮੁਹੱਬਤ ਦਾ ਕਦੇ ਇਜ਼ਹਾਰ ਨਾ ਹੋਇਆ।

ਮਿਰਾ ਇਨਕਾਰ ਨਾ ਇਸਨੂੰ ਸਮਝ ਲੈਣਾ ਤੁਸੀਂ ਹਰਗਿਜ਼,
ਝਿਜਕਦੇ ਸੰਗਦੇ ਹੋਇਆਂ ਕੁਈ ਇਕਰਾਰ ਨਾ ਹੋਇਆ।

ਤੁਹਾਡੇ ਦਿਲ 'ਚ ਸੀ ਜਿਹੜੀ, ਉਹ ਮੇਰੇ ਵੀ ਤਾਂ ਦਿਲ ਵਿਚ ਸੀ,
ਤੁਸੀਂ ਇਸਰਾਰ ਕਰਿਆ ਤਾਂ, ਜ਼ਰਾ ਇਨਕਾਰ ਨਾ ਹੋਇਆ।

ਮਿਰਾ ਇਹ ਦਿਲ, ਮਿਰੀ ਇਹ ਜਾਨ, ਤੇਰੀ ਹੀ ਅਮਾਨਤ ਨੇ,
ਮਿਰਾ ਹਰ ਸਾਹ ਤਿਰਾ, ਤੇਰੇ 'ਤੇ ਜੀਵਨ ਵਾਰਨਾ ਹੋਇਆ।

ਉਡੀਕਾਂ ਤੇਰੀਆਂ ਦਿਲ ਵਿਚ ਮਿਰੇ ਜਜ਼ਬੇ ਮਘਾ ਰੱਖੇ,
ਤਿਰੇ ਆਉਣੇ ਦਾ ਚਾਅ ਦਿਲ 'ਚੋਂ, ਕਦੇ ਵੀ ਮਾਰ ਨਾ ਹੋਇਆ।

ਬੜੇ ਹੀ ਮਾਰਦਾ ਸੀ ਦਮਗਜ਼ੇ ਤਾਰੂ ਕਹਾਉਂਦਾ ਸੀ,
ਤਿਰੇ ਨੈਣਾਂ ਦੇ ਸਾਗਰ 'ਚੋਂ ਕਦੇ ਵੀ ਪਾਰ ਨਾ ਹੋਇਆ।

ਦਿਸੀ ਮਿਲਣੀ ਦੀ ਆਸ਼ਾ ਕਿਰਨ ਜਿਸ ਪਲ ਤੋਂ, ਉਸੇ ਪਲ ਤੋਂ,
ਨ ਐਸਾ ਪਲ ਖ਼ੁਸ਼ੀ ਵਿਚ ਦਿਲ ਜਦੋਂ ਸ਼ਰਸਾਰ ਨਾ ਹੋਇਆ।

ਨ ਸੋਨਾ ਹੈ ਨ ਚਾਂਦੀ ਕ੍ਰਿਸ਼ਨ ਸ਼ਿਅਰਾਂ ਦੇ ਹੀ ਮੋਤੀ ਨੇ,
ਮਿਰੇ ਸ਼ਿਅਰਾਂ ਨੇ ਤੇਰਾ ਹੁਸਨ ਤਾਂ ਸ਼ਿੰਗਾਰਨਾ ਹੋਇਆ।

♦

❐

ਤਿਰੀ ਸਹੁੰ ਜਦ ਵੀ ਆਉਂਦਾ, ਸੰਦਲੀ ਮੌਸਮ ਇਹ ਮਹਿਕਾਂ ਦਾ।
ਸਦਾ ਜਜ਼ਬੇ ਜਗਾਉਂਦਾ ਸੰਦਲੀ ਮੌਸਮ ਇਹ ਮਹਿਕਾਂ ਦਾ।

ਕਿਸੇ 'ਤੇ ਜਦ ਕਦੇ ਆਉਂਦਾ ਤਾਂ ਦਿਲ 'ਤੇ ਵਸ ਨਹੀਂ ਚਲਦਾ,
ਬੜੇ ਕਾਰੇ ਕਰਾਉਂਦਾ ਸੰਦਲੀ ਮੌਸਮ ਇਹ ਮਹਿਕਾਂ ਦਾ।

ਅਦਾਵਾਂ ਤੇਰੀਆਂ ਦਾ ਨਿਤ ਭਰੇ ਪਾਣੀ ਗ਼ਜ਼ਲ ਮੇਰੀ,
ਤਿਰੇ ਨਖ਼ਰੇ ਉਠਾਉਂਦਾ ਸੰਦਲੀ ਮੌਸਮ ਵਿਚ ਮਹਿਕਾਂ ਦਾ।

ਜਦੋਂ ਨੈਣਾਂ 'ਚ ਸੁਪਨੇ ਜਾਗਦੇ ਨੇ ਜਾਗਦੇ ਹੋਇਆਂ,
ਤਾਂ ਪਲਕਾਂ 'ਤੇ ਬਹਾਉਂਦਾ, ਸੰਦਲੀ ਮੌਸਮ ਇਹ ਮਹਿਕਾਂ ਦਾ।

ਇਹ ਸੁਪਨੇ ਵਾਂਗ ਆਉਂਦਾ ਹੈ ਤੇ ਸੁਪਨੇ ਵਾਂਗ ਤੁਰ ਜਾਂਦੈ,
ਨ ਬਹੁਤਾ ਚਿਰ ਨਿਭਾਉਂਦਾ, ਸੰਦਲੀ ਮੌਸਮ ਇਹ ਮਹਿਕਾਂ ਦਾ।

ਮਿਲੇ ਜੇ ਤੇਰਿਆਂ ਸਾਹਾਂ ਦੀ ਖ਼ੁਸ਼ਬੂ ਹੋਰ ਵੀ ਮਹਿਕੇ,
ਬਿਨਾਂ ਤੇਰੇ ਨ ਭਾਉਂਦਾ, ਸੰਦਲੀ ਮੌਸਮ ਇਹ ਮਹਿਕਾਂ ਦਾ।

ਖਿੜੇ ਮੱਥੇ ਸਹੀ ਜਾਂਦੀ ਤਦੇ ਤਾਂ ਮਾਰ ਪਤਝੜ ਦੀ,
ਕਿ ਪਤਝੜ ਬਾਅਦ ਆਉਂਦਾ, ਸੰਦਲੀ ਮੌਸਮ ਇਹ ਮਹਿਕਾਂ ਦਾ।

ਚੁਫ਼ੇਰੇ ਰਾਖ਼ ਉਡਦੀ ਹੈ, ਚਮਨ ਵੀਰਾਨ ਦਿਸਦਾ ਹੈ,
ਜਦੋਂ ਨਜ਼ਰਾਂ ਚੁਰਾਉਂਦਾ, ਸੰਦਲੀ ਮੌਸਮ ਇਹ ਮਹਿਕਾਂ ਦਾ।

ਇਹ ਮੌਸਮ ਕ੍ਰਿਸ਼ਨ ਉਹ ਮੌਸਮ, ਜਦੋਂ ਰੱਬ ਨਾ ਰਹੇ ਚੇਤੇ,
ਨ ਐਵੇਂ ਹੀ ਕਹਾਉਂਦਾ, ਸੰਦਲੀ ਮੌਸਮ ਇਹ ਮਹਿਕਾਂ ਦਾ।

♦

□

ਤਮਾਸ਼ਾ ਜੇ ਬਣੇਂ ਦਰਸ਼ਕ ਵੀ ਪੈਦਾ ਹੋ ਹੀ ਜਾਂਦੇ ਨੇ।
ਤੇ ਗੁਣਵਾਨਾਂ ਦੇ ਪ੍ਰਸ਼ੰਸਕ ਵੀ ਪੈਦਾ ਹੋ ਹੀ ਜਾਂਦੇ ਨੇ।

ਗਲਤ ਫ਼ਹਿਮੀ ਜੇ ਪੈਦਾ ਹੋ ਗਈ ਤਾਂ ਦੂਰ ਹੋ ਸਕਦੀ,
ਮੁਹੱਬਤ ਵਿਚ ਬਿਨਾਂ ਸ਼ੱਕ, ਸ਼ੱਕ ਵੀ ਪੈਦਾ ਹੋ ਹੀ ਜਾਂਦੇ ਨੇ।

ਜੇ ਦੀਵਾ ਸੀਖਿਆ ਜਾਵੇ ਤਾਂ ਚਾਨਣ ਹੋਰ ਵੀ ਕਰਦੈ,
ਹੁਨਰਮੰਦਾਂ ਦੇ ਆਲੋਚਕ ਵੀ ਪੈਦਾ ਹੋ ਹੀ ਜਾਂਦੇ ਨੇ।

ਖ਼ੁਦਾ ਜੇ ਹੁਸਨ ਦੇ ਦਿੰਦੈ ਕਿਸੇ ਨੂੰ ਤਾਂ ਕਿਤੇ ਉਸਦੇ,
ਦਿਵਾਨੇ ਹੁਸਨ ਦੇ ਆਸ਼ਕ ਵੀ ਪੈਦਾ ਹੋ ਹੀ ਜਾਂਦੇ ਨੇ।

ਮਿਲੇ ਜੇ ਹਾਰ ਵੀ ਤਾਂ ਹਾਰ ਕੇ ਹੀ ਬਹਿ ਨਹੀਂ ਜਾਏ,
ਜਿਨ੍ਹਾਂ ਨੇ ਜਿੱਤਣੇ ਅਣਥੱਕ ਵੀ ਪੈਦਾ ਹੋ ਹੀ ਜਾਂਦੇ ਨੇ।

ਕੁਈ ਸ਼ੈ ਵੀ ਜਦੋਂ ਸ਼ੈ ਤੋਂ ਬਜ਼ਾਰੀ ਜਿਣਸ ਬਣ ਜਾਂਦੀ,
ਸ਼ਰੇ ਬਾਜ਼ਾਰ ਫਿਰ ਗਾਹਕ ਵੀ ਪੈਦਾ ਹੋ ਹੀ ਜਾਂਦੇ ਨੇ।

ਸਵਾਮੀ ਜੀ ਕਹਾਵੋ, ਲੋੜ ਹੈ ਬਸ ਭੇਖ ਧਾਰਨ ਦੀ,
ਤੇ ਰਾਤੋ ਰਾਤ ਕੁਝ ਸੇਵਕ ਵੀ ਪੈਦਾ ਹੋ ਹੀ ਜਾਂਦੇ ਨੇ।

ਬਣੋ ਖ਼ੁਦ ਆਪਣੇ ਮਾਲਕ, ਖੜੋਵੋ ਆਪਣੇ ਪੈਰੀਂ,
ਬਣੋਗੇ ਦਾਸ ਤਾਂ ਮਾਲਕ ਵੀ ਪੈਦਾ ਹੋ ਹੀ ਜਾਂਦੇ ਨੇ।

ਪੰਜਾਬੀ ਵਿਚ ਲਿਖਣਾ ਕ੍ਰਿਸ਼ਨ ਫਾਕੇ ਕੱਟਣੇਂ ਫਿਰ ਵੀ,
ਮਿਰੇ ਵਰਗੇ ਕਈ ਅਹਿਮਕ ਵੀ ਪੈਦਾ ਹੋ ਹੀ ਜਾਂਦੇ ਨੇ।

♦

❐

ਲੇਖਣੀ ਦੀ ਮਿਹਰ ਕਰਦਾ ਹੈ, ਖ਼ੁਦਾ ਵਿਰਲੇ 'ਤੇ ਹੀ।
ਸਰਸਵਤੀ ਦੀ ਮਿਹਰ ਕਰਦਾ ਹੈ ਖ਼ੁਦਾ ਵਿਰਲੇ 'ਤੇ ਹੀ।

ਬੁੱਧ ਜਾਂ ਨਾਨਕ ਜਨਮ ਲੈਂਦੇ ਜੁਗਾਂ ਦੇ ਨ੍ਹੇਰ ਬਾਅਦ,
ਰੌਸ਼ਨੀ ਦੀ ਮਿਹਰ ਕਰਦਾ ਹੈ ਖ਼ੁਦਾ ਵਿਰਲੇ 'ਤੇ ਹੀ।

ਬਾਂਸ ਦੇ ਜੰਗਲ 'ਚ ਤਾਂ ਮਿਲ ਜਾਣਗੇ ਅਣਗਿਣਤ ਬਾਂਸ,
ਬਾਂਸੁਰੀ ਦੀ ਮਿਹਰ ਕਰਦਾ ਹੈ, ਖ਼ੁਦਾ ਵਿਰਲੇ 'ਤੇ ਹੀ।

ਹਾਲ ਜਿਸਦਾ ਪੁੱਛੀਏ ਮਿਲਦਾ ਹੈ ਓਹੀ ਪੀੜ ਪੀੜ,
ਕਿਉਂ ਖ਼ੁਸ਼ੀ ਦੀ ਮਿਹਰ ਕਰਦਾ ਹੈ, ਖ਼ੁਦਾ ਵਿਰਲੇ 'ਤੇ ਹੀ।

ਪਾਲੀਏ ਦਿਲ ਵਿਚ, ਬਦੀ, ਨਫ਼ਰਤ, ਬੁਰਾਈ, ਦੁਸ਼ਮਣੀ,
ਦੋਸਤੀ ਦੀ ਮਿਹਰ ਕਰਦਾ ਹੈ ਖ਼ੁਦਾ ਵਿਰਲੇ 'ਤੇ ਹੀ।

ਦਿਨ ਕਟੀ ਕਰਦੇ ਨੇ, ਧੱਕਾ ਵਕਤ ਨੂੰ ਦਿੰਦੇ ਨੇ ਲੋਕ,
ਜ਼ਿੰਦਗੀ ਦੀ ਮਿਹਰ ਕਰਦਾ ਹੈ ਖ਼ੁਦਾ ਵਿਰਲੇ 'ਤੇ ਹੀ।

ਚਾਪਲੂਸੀ, ਜੀਅ ਹਜ਼ੂਰੀ ਹਾਕਮਾਂ ਦੀ ਕਰਨ ਸਭ,
ਪਰ ਖ਼ੁਦੀ ਦੀ ਮਿਹਰ ਕਰਦਾ ਹੈ ਖ਼ੁਦਾ ਵਿਰਲੇ 'ਤੇ ਹੀ।

ਰਾਹਬਰੀ ਦੇ ਬਿਨ ਭਟਕ ਜਾਂਦੇ ਮੁਸਾਫ਼ਰ ਮੰਜ਼ਿਲੋਂ,
ਰਾਹਬਰੀ ਦੀ ਮਿਹਰ ਕਰਦਾ ਹੈ ਖ਼ੁਦਾ ਵਿਰਲੇ 'ਤੇ ਹੀ।

ਸ਼ਾਇਰੀ ਦੀ ਕ੍ਰਿਸ਼ਨ ਦਿੱਲੀ ਦੂਰ ਹੈ ਤੈਥੋਂ ਅਜੇ,
ਸ਼ਾਇਰੀ ਦੀ ਮਿਹਰ ਕਰਦਾ ਹੈ ਖ਼ੁਦਾ ਵਿਰਲੇ 'ਤੇ ਹੀ।

•

❐

ਮਿਰੀ ਕੋਸ਼ਿਸ਼ ਰਹੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।
ਇਹੋ ਤਾਂ ਜ਼ਿੰਦਗੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।

ਅਨੇਕਾਂ ਵਾਰ ਡਿਗ ਡਿਗ ਮੱਕੜੀ ਵੀ ਹਠ ਨਹੀਂ ਛੱਡਦੀ,
ਅਸੀਂ ਤਾਂ ਆਦਮੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।

ਹਮੇਸ਼ਾ ਮਾਣਦੇ ਨੇ ਜ਼ਿੰਦਗੀ ਉਹ ਜਸ਼ਨ ਦੇ ਵਾਂਗੂੰ,
ਜਿਨ੍ਹਾਂ ਦੀ ਸੋਚਣੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।

ਨਿਰਾਸ਼ਾ ਵੀ, ਉਦਾਸੀ ਵੀ, ਮਯੂਸੀ ਵੀ ਤੇ ਗ਼ਮੀਆਂ ਵੀ,
ਇਹ ਮੁੱਕਣਗੇ ਕਦੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।

ਵਪਾਰੀ ਵਾਂਗਰਾਂ ਜਿੱਤ ਹਾਰ ਦਾ ਲੇਖਾ ਨਹੀਂ ਕਰਦੇ,
ਅਸੀਂ ਤਾਂ ਆਪਣੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।

ਸਜਾਏ ਨੇ ਜੁ ਨੈਣਾਂ ਵਿਚ, ਉਨ੍ਹਾਂ ਨੂੰ ਮਾਰ ਨਾ ਬੈਠੀਂ,
ਤੂੰ ਸੁਪਨੇ ਸੰਦਲੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।

ਜ਼ਮਾਨਾ ਜਿਉਣ ਨਾ ਦਿੰਦਾ, ਘੜੀ ਚੱਜ ਨਾਲ ਪਰ ਫਿਰ ਵੀ,
ਮੈਂ ਏਹੋ ਜ਼ਿੱਦ ਫੜੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।

ਅਨੇਕਾਂ ਗ਼ਮ, ਹਜ਼ਾਰਾਂ ਮੁਸ਼ਕਲਾਂ ਦੇ ਹੁੰਦਿਆਂ ਹੋਇਆਂ,
ਨ ਹਿੰਮਤ ਹਾਰਨੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।

ਨ ਜਿਉਂਦੇ ਜੀਅ ਕਦੇ ਵੀ ਕ੍ਰਿਸ਼ਨ ਪਲ ਪਲ ਜਿਉਂਦਿਆਂ ਮਰੀਏ,
ਇਸੇ ਵਿਚ ਬਿਹਤਰੀ, ਜਿਉਣੇ ਦੀ ਕੋਸ਼ਿਸ਼ ਕਰਦਿਆਂ ਰਹਿਣਾ।

♦

❑

ਗ਼ਜ਼ਲ ਮੂੰਹਜ਼ੋਰ ਆਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।
ਗ਼ਜ਼ਲ ਖ਼ੁਦ ਨੂੰ ਕਹਾਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।

ਜਦੋਂ ਵੀ ਨਗਮ ਛੋਹਾਂ ਨਾਲ ਮੇਰੇ ਦਿਲ ਦੀਆਂ ਤਾਰਾਂ,
ਕੁਈ ਮੁੜ ਮੁੜ ਹਿਲਾਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।

ਕਿਸੇ ਪਲ ਖ਼ੂਬਸੂਰਤ ਖ਼ਾਬ ਕੋਈ ਦਿਲ ਦੀ ਵਾਦੀ ਵਿਚ,
ਖੜੋ ਕੇ ਮੁਸਕਰਾਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।

ਕਿਸੇ ਦਾ ਬੋਝ ਜਦ ਵੀ ਸ਼ਿਲਤ ਵਾਂਗੂੰ ਮਨ 'ਚ ਪੁੜ ਜਾਵੇ,
ਬੜਾ ਦਿਲ ਨੂੰ ਸਤਾਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।

ਕਿਸੇ ਦੀ ਯਾਦ ਵਿਚ ਜਦ ਰਾਤ ਭਰ ਦਿਲ ਤੜਪਦਾ ਰਹਿੰਦਾ,
ਜ਼ਰਾ ਨੀਂਦਰ ਨਾ ਆਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।

ਜੇ ਕਰੀਏ ਦਰਦ ਦਾ ਇਜ਼ਹਾਰ, ਘਟਦਾ ਦਰਦ ਹੈ ਕੁਝ ਤਾਂ,
ਗ਼ਮਾਂ ਵਿਚ ਜਾਨ ਜਾਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।

ਜਿਨ੍ਹਾਂ ਰਸਤਾ ਦਿਖਾਉਣਾ, ਦੂਜਿਆਂ ਲੋਕਾਂ ਨੂੰ ਉਹ ਰਾਹਬਰ,
ਜੇ ਖ਼ੁਦ ਹੀ ਥਿੜਕ ਜਾਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।

ਉਸੇ ਪਲ ਸਾਜ਼ ਦਿਲ ਦਾ ਬੇ-ਮੁਹਾਰਾ ਖ਼ੁਦ ਹੀ ਵਜ ਉਠਦੈ,
ਕੁਈ ਨਜ਼ਰਾਂ ਮਿਲਾਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।

ਕਹੇਂਗਾ ਕ੍ਰਿਸ਼ਨ ਕਿਉਂ ਨਾ ਤੂੰ, ਮੁਹੱਬਤ ਨਾਲ ਜੇ ਤੇਰੀ,
ਗ਼ਜ਼ਲ ਸੁਣਨੀ ਉਹ ਚਾਹਵੇ ਤਾਂ, ਗ਼ਜ਼ਲ ਕਹਿਣੀ ਹੀ ਪੈਂਦੀ ਹੈ।

♦

□

ਜੋ ਵੀ ਹੋਵੇ ਕਰ ਗੁਜ਼ਰਨਾ ਚਾਹੀਦੈ।
ਜ਼ਿੰਦਗੀ ਦਾ ਰਾਹ ਸੰਵਰਨਾ ਚਾਹੀਦੈ।

ਸਭ ਇਹ ਚਾਹੁੰਦੇ ਨੇ ਉਤਾਰੇ ਕੌਣ ਪਰ,
ਝੂਠ ਤੋਂ ਪਰਦਾ ਉਤਰਨਾ ਚਾਹੀਦੈ।

ਮੋਹ, ਮੁਹੱਬਤ, ਪਿਆਰ ਦੀ ਬੁਨਿਆਦ 'ਤੇ,
ਰਿਸ਼ਤਿਆਂ ਦਾ ਘਰ ਉਸਰਨਾ ਚਾਹੀਦੈ।

ਦਿਲ 'ਚ ਹੀ ਨਾ ਰੱਖ ਤੂੰ ਰੌਸ਼ਨ ਖ਼ਿਆਲ,
ਨੂਰ ਹਰ ਪਾਸੇ ਬਿਖਰਨਾ ਚਾਹੀਦੈ।

ਸਾਥ ਤੇਰਾ ਲੋਚਦਾ ਮੈਂ ਹਮਸਫ਼ਰ,
ਕਿਸਨੂੰ ਅਪਣਾ ਹਮਸਫ਼ਰ ਨਾ ਚਾਹੀਦੈ।

ਜ਼ਿੰਦਗੀ ਦੇ ਰਣ 'ਚ ਪਿੱਠ ਦੇਣੀ ਮਨ੍ਹਾ,
ਮਰਦ-ਏ-ਕਾਬਿਲ ਜਿਉਂ ਨਿੱਤਰਨਾ ਚਾਹੀਦੈ।

ਰੱਜ ਕੇ ਮਾਣੋਂ ਮਿਲੇ ਜਿੰਨੀ ਖ਼ੁਸ਼ੀ,
ਜ਼ਿੰਦਗੀ ਵਿਚ ਕੀ ਨ ਵਰਨਾ ਚਾਹੀਦੈ।

ਕੌਣ ਚਾਹੁੰਦੈ ਆਪਣਾ ਘਰ ਤੋੜਨਾ,
ਕੌਣ ਹੈ ਜਿਸਨੂੰ ਕਿ ਘਰ ਨ ਚਾਹੀਦੈ।

ਕ੍ਰਿਸ਼ਨ ਰਸਤਾ ਜ਼ਿੰਦਗੀ ਦਾ ਤਿਲਕਵਾਂ,
ਸੋਚ ਕੇ ਹਰ ਪੈਰ ਧਰਨਾ ਚਾਹੀਦੈ।

♦

❒

ਜੀਅ ਤਾਂ ਕਰੇ ਬਥੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ,
ਕੀਕਣ ਮੈਂ ਹੁਸਨ ਤੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ।

ਮਿਲ ਜਾਣ ਰੰਗ ਸੱਤੇ ਬਣਦੀ ਹੈ ਰੌਸ਼ਨੀ,
ਚਾਨਣ, ਸਣੇ ਹਨ੍ਹੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ।

ਰੌਸ਼ਨ ਖ਼ਿਆਲ ਕੋਈ ਬਚ ਕੇ ਨਾ ਜਾ ਸਕੇ,
ਹੁੰਦਾ ਏ ਯਤਨ ਮੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ।

ਮੇਰਾ ਹੁਨਰ ਜੇ ਪਰਖਣਾ ਚਾਹੇਂ ਤਾਂ ਹੁਕਮ ਦੇਹ,
ਮੈਂ ਨਕਸ਼, ਨਕਸ਼, ਤੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ।

ਚਿੰਤਨ ਕਦੋਂ ਕਬੂਲਦੇ ਹੱਦਾਂ ਜਾਂ ਸਰਹੱਦਾਂ,
ਬ੍ਰਹਿਮੰਡ ਦਾ ਇਹ ਘੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ।

ਮਿਲਦੇ ਰਹੇ ਜੁ ਉਮਰ ਭਰ, ਗ਼ਮ, ਦਰਦ, ਤਲਖ਼, ਪਲ,
ਮੇਰਾ ਵੀ ਦੇਖ ਜੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ।

ਯੁਗਾਂ ਜਹੀ ਇਹ ਰਾਤ ਮੈਂ, ਕੱਟੀ ਮਸਾਂ ਮਸਾਂ,
ਹੁਣ ਸੁਰਖ਼ ਇਹ ਸਵੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ।

ਜਜ਼ਬਾਤ ਦਿਲ 'ਚ ਉਮੜੇ ਸਾਂਭਾਂ ਮੈਂ ਵਕਤ ਨਾਲ,
ਹੋ ਜਾਏ ਨ ਅਵੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ।

ਆਵੇ ਨ ਹੱਥ ਕ੍ਰਿਸ਼ਨ ਇਹ ਤਿਤਲੀ ਖ਼ਿਆਲ ਦੀ,
ਜੀਅ ਤਾਂ ਕਰੇ ਬਥੇਰਾ, ਸ਼ਿਅਰਾਂ 'ਚ ਬੰਨ੍ਹ ਲਵਾਂ।

♦